ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 18 *Issue 112 Tuesday, June 11, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਮੂਲਵਾਸੀ ਮਹਿਲਾਵਾਂ ਨਾਲ ਕੈਨੇਡਾ ਦਾ ਵਿਵਹਾਰ ਨਸਲਕੁਸ਼ੀ ਨਹੀਂ : ਸ਼ੀਅਰ

ਓਟਵਾ, 10 ਜੂਨ (ਪੋਸਟ ਬਿਊਰੋ) : ਸੋਮਵਾਰ ਨੂੰ ਕੰਜ਼ਰਵੇਟਿਵ ਆਗੂ ਐਂਡਰੀਊ ਸ਼ੀਅਰ ਨੇ ਆਖਿਆ ਕਿ ਕੈਨੇਡਾ ਵਿੱਚ ਮੂਲਵਾਸੀ ਔਰਤਾਂ ਤੇ ਲੜਕੀਆਂ ਦੀਆਂ ਪੀੜ੍ਹੀਆਂ ਨਾਲ ਜੋ ਕੁੱਝ ਵੀ ਹੁੰਦਾ ਰਿਹਾ ਹੈ ਉਸ ਨੂੰ ਪਰੀਭਾਸ਼ਤ ਕਰਨ ਲਈ ਨਸਲਕੁਸ਼ੀ ਸਹੀ ਸ਼ਬਦ ਨਹੀਂ ਹੈ।



ਪਿਛਲੇ ਹਫਤੇ, ਲਾਪਤਾ ਤੇ ਕਤਲ ਕੀਤੀਆਂ ਗਈਆਂ ਮੂਲਵਾਸੀ ਮਹਿਲਾਵਾਂ ਤੇ ਲੜਕੀਆਂ ਦੇ ਸਬੰਧ ਵਿੱਚ ਫੈਡਰਲ ਇਨਕੁਆਇਰੀ ਵੱਲੋਂ ਆਪਣੀ ਫਾਈਨਲ ਰਿਪੋਰਟ ਜਾਰੀ ਕੀਤੀ ਗਈ। ਇਸ ਰਿਪੋਰਟ ਵਿੱਚ ਦਰਜ ਤਰਕਾਂ ਵਿੱਚ ਇਹ ਦੱਸਿਆ ਗਿਆ ਹੈ ਕਿ ਕੈਨੇਡਾ ਦੇ ਐਕਸ਼ਨਜ਼ ਤੇ ਭੁੱਲਾਂ ਕਾਰਨ ਮੂਲਵਾਸੀ ਔਰਤਾਂ ਤੇ ਕੁੜੀਆਂ ਨਿਸ਼ਾਨਾਂ ਬਣਦੀਆਂ ਰਹੀਆਂ ਤੇ ਕਿਵੇਂ ਉਨ੍ਹਾਂ ਦੀ ਨਸਲਕੁਸ਼ੀ ਹੁੰਦੀ ਰਹੀ। ਜਾਂਚ ਵਿੱਚ ਆਖਿਆ ਗਿਆ ਕਿ ਕੌਮਾਂਤਰੀ ਕਾਨੂੰਨ ਤਹਿਤ ਨਸਲਕੁਸ਼ੀ ਲਈ ਕਿਸੇ ਨਿਰਦੇਸ਼ ਦੇਣ ਵਾਲੇ ਵਿਅਕਤੀ ਜਾਂ ਹਿੰਸਾ ਦੀ ਸੰਗਠਿਤ ਮੁਹਿੰਮ ਦੀ ਲੋੜ ਨਹੀਂ ਹੁੰਦੀ।

ਸ਼ੀਅਰ ਨੇ ਇਸ ਦੌਰਾਨ ਹੋਈ ਹਰ ਮੌਤ ਨੂੰ ਤ੍ਰਾਸਦੀ ਦੱਸਿਆ, ਜਿਸ ਦਾ ਪਰਿਵਾਰਾਂ ਤੇ ਰਿਸ਼ਤੇਦਾਰਾਂ ਉੱਤੇ ਡੂੰਘਾ ਅਸਰ ਪੈਂਦਾ ਹੈ। ਪਾਰਲੀਆਮੈਂਟ ਹਿੱਲ ਉੱਤੇ ਗੱਲ ਕਰਦਿਆਂ ਸ਼ੀਅਰ ਨੇ ਆਖਿਆ ਕਿ ਕਮਜ਼ੋਰ ਆਬਾਦੀ, ਖਾਸਤੌਰ ਉੱਤੇ ਮੂਲਵਾਸੀ ਔਰਤਾਂ ਤੇ ਕੁੜੀਆਂ ਦੀ ਹਿਫਾਜ਼ਤ ਲਈ ਸਰਕਾਰਾਂ ਠੋਸ ਕਦਮ ਚੁੱਕ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਨਸਲਕੁਸ਼ੀ ਸ਼ਬਦ ਦਾ ਅਸਰ ਬਹੁਤ ਡੂੰਘਾ ਹੈ। ਇਸ ਲਫਜ਼ ਤੇ ਇਸ ਟਰਮ ਦੇ ਡੂੰਘੇ ਮਾਇਨੇ ਹਨ। ਉਨ੍ਹਾਂ ਆਖਿਆ ਕਿ ਮੂਲਵਾਸੀ ਔਰਤਾਂ ਦੇ ਲਾਪਤਾ ਤੇ ਕਤਲ ਹੋਣ ਦੀ ਆਪਣੀ ਤ੍ਰਾਸਦੀ ਹੈ ਤੇ ਇਹ ਨਸਲਕੁਸ਼ੀ ਨਹੀਂ ਹੋ ਸਕਦੀ।

ਇੱਥੇ ਦੱਸਣਾ ਬਣਦਾ ਹੈ ਕਿ ਰਿਪੋਰਟ ਵਿੱਚ ਨਸਲਕੁਸ਼ੀ ਸ਼ਬਦ ਕਾਰਨ ਵੱਖਰੀ ਬਹਿਸ ਹੀ ਛਿੜ ਚੁੱਕੀ ਹੈ। ਇਸ ਮੁੱਦੇ ਨੂੰ ਲੈ ਕੇ ਚਰਚਾ ਚੱਲ ਰਹੀ ਹੈ ਕਿ ਇਨਕੁਆਇਰੀ ਕਮਿਸ਼ਨਰ ਵੱਲੋਂ ਲਾਇਆ ਗਿਆ ਇਹ ਲੇਬਲ ਸਹੀ ਹੈ ਜਾਂ ਨਹੀਂ।

# ਪਾਸ ਹੋਏ ਨਵੇਂ ਬਿੱਲ ਤੋਂ ਬਾਅਦ ਕੈਨੇਡਾ ਵਿੱਚ ਵ੍ਹੇਲ ਤੇ ਡੌਲਫਿਨ ਨੂੰ ਕੈਦ ਕਰਕੇ ਰੱਖਣ 'ਤੇ ਲੱਗੇਗੀ ਪਾਬੰਦੀ

ਓਟਵਾ, 10 ਜੂਨ (ਪੋਸਟ ਬਿਊਰੋ) : ਸੋਮਵਾਰ ਨੂੰ ਪਾਸ ਹੋਏ ਬਿੱਲ ਤੋਂ ਬਾਅਦ ਹੁਣ ਕੈਨੇਡਾ ਵਿੱਚ ਕਿਤੇ ਵੀ ਡੌਲਫਿਨਜ਼ ਤੇ ਵ੍ਹੇਲਜ਼ ਨੂੰ ਕੈਦ ਕਰਕੇ ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ। ਜਾਨਵਰਾਂ ਦੇ ਅਧਿਕਾਰਾਂ ਲਈ ਲੜਨ ਵਾਲਿਆਂ ਵਾਸਤੇ ਤੇ ਇਸ ਮੁੱਦੇ ਦੇ ਪੱਖ ਵਿੱਚ ਭੁਗਤਣ ਵਾਲੇ ਸਿਆਸਤਦਾਨਾਂ ਵਾਸਤੇ ਇਹ ਵੱਡੀ ਜਿੱਤ ਹੈ।



ਇਸ ਫੈਡਰਲ ਬਿੱਲ ਉੱਤੇ ਕਾਨੂੰਨ ਦਾ ਰੂਪ ਲੈਣ ਲਈ ਹੁਣ ਸ਼ਾਹੀ ਮੋਹਰ ਲੱਗਣੀ ਹੀ ਬਾਕੀ ਹੈ। ਦੇਸ਼ ਵਿੱਚ ਦੋ ਫੈਸਿਲਿਟੀਜ਼ ਉੱਤੇ ਇਨ੍ਹਾਂ ਜਾਨਵਰਾਂ ਨੂੰ ਰੱਖਿਆ ਜਾਂਦਾ ਹੈ। ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ, ਜਿਨ੍ਹਾਂ ਨੇ ਇਸ ਪ੍ਰਾਈਵੇਟ ਮੈਂਬਰ ਬਿੱਲ ਨੂੰ ਸਪਾਂਸਰ ਕੀਤਾ ਸੀ ਨੇ ਆਖਿਆ ਕਿ ਕੈਨੇਡਾ ਵਿੱਚ ਜਾਨਵਰਾਂ ਲਈ ਅੱਜ ਚੰਗਾ ਦਿਨ ਹੈ। ਇਸ ਪ੍ਰਾਈਵੇਟ ਮੈਂਬਰ ਬਿੱਲ ਦਾ ਸਫਰ 2015 ਵਿੱਚ ਸੈਨੇਟ ਵਿੱਚ ਸ਼ੁਰੂ ਹੋਇਆ ਤੇ ਫਿਰ ਇਹ ਹਾਊਸ ਆਫ ਕਾਮਨਜ਼ ਵਿੱਚ ਪਹੁੰਚਿਆ।

ਐਨਡੀਪੀ ਦੇ ਫਿਸ਼ਰੀਜ਼ ਤੇ ਓਸ਼ਨਜ਼ ਕ੍ਰਿਟਿਕ ਗੌਰਡ ਜੌਹਨਜ਼ ਨੇ ਆਖਿਆ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਜਾਨਵਰਾਂ ਦੇ ਅਧਿਕਾਰਾਂ, ਸਾਡੇ ਗ੍ਰਹਿ ਤੇ ਸਾਡੇ ਸਮੁੰਦਰਾਂ ਦੀ ਜਿੱਤ ਹੋਈ ਹੈ। ਇਸ ਬਿੱਲ ਦੀ ਤੀਜੀ ਤੇ ਫਾਈਨਲ ਰੀਡਿੰਗ ਸੋਮਵਾਰ ਨੂੰ ਹੋਈ। ਇਸ ਨੂੰ ਲਿਬਰਲਾਂ, ਐਨਡੀਪੀ ਤੇ ਬਲਾਕ ਕਿਊਬਿਕੌਇਸ ਤੋਂ ਸਮਰਥਨ ਹਾਸਲ ਹੋਇਆ ਜਦਕਿ ਕੁੱਝ ਕੰਜ਼ਰਵੇਟਿਵਾਂ ਵੱਲੋਂ ਬਿੱਲ ਦਾ ਵਿਰੋਧ ਵੀ ਕੀਤਾ ਗਿਆ।

...ਬਾਕੀ ਪੰਨਾ 6 'ਤੇ

# ਡਰਾਈਵ-ਵੇਅ ਸਬੰਧੀ ਨਵੇਂ ਨਿਯਮ 2 ਜੁਲਾਈ ਤੋਂ ਹੋਣਗੇ ਪ੍ਰਭਾਵੀ



ਬਰੈਂਪਟਨ, 10 ਜੂਨ (ਪੋਸਟ ਬਿਊਰੋ) : ਕੀ ਤੁਸੀਂ ਇਨ੍ਹਾਂ ਗਰਮੀਆਂ ਵਿੱਚ ਆਪਣੇ ਡਰਾਈਵ-ਵੇਅ ਦਾ ਕੰਮ ਕਰਵਾਉਣ ਬਾਰੇ ਸੋਚ ਵਿਚਾਰ ਕਰ ਰਹੇ ਹੋਂ? ਜਿਨ੍ਹਾਂ ਦੇ ਆਪਣੇ ਘਰ ਹਨ ਉਨ੍ਹਾਂ ਲਈ, ਉਨ੍ਹਾਂ ਵਾਸਤੇ ਕੰਮ ਕਰਨ ਵਾਲੇ ਕਾਂਟਰੈਕਟਰਜ਼ ਲਈ ਨਵੇਂ ਨਿਯਮ ਜਲਦ ਹੀ ਆ ਰਹੇ ਹਨ।

ਪੁਰਾਣੇ ਨਿਯਮਾਂ ਤਹਿਤ ਘਰਾਂ ਦੇ ਮਾਲਕਾਂ ਨੂੰ ਆਪਣੇ ਡਰਾਈਵ-ਵੇਅ ਨੂੰ ਚੌੜਾ ਕਰਨ ਲਈ ਸਿਰਫ ਇੱਕ ਪਰਮਿਟ ਦੀ ਲੋੜ ਹੁੰਦੀ ਸੀ। ਪਰ 2 ਜੁਲਾਈ, 2019 ਤੋਂ ਡਰਾਈਵ-ਵੇਅ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਲਈ ਇਹ ਯਕੀਨੀ ਬਣਾਉਣ ਵਾਸਤੇ ਪਰਮਿਟ ਦੀ ਲੋੜ ਹੋਵੇਗੀ ਕਿ ਉਹ ਸਿਟੀ ਦੇ ਨਿਯਮਾਂ ਨਾਲ ਮੇਲ ਖਾਂਦਾ ਹੋਵੇ। ਡਰਾਈਵ-ਵੇਅ ਪਰਮਿਟ ਲਈ ਅਪਲਾਈ ਕਰਨ ਵਾਸਤੇ 50 ਡਾਲਰ ਫੀਸ ਲੱਗੇਗੀ। ਇਸ ਪਰਮਿਟ ਵਿੱਚ :

- ਕੋਈ ਵੀ ਪ੍ਰਸਤਾਵਿਤ ਕਰਬ ਕਟੌਤੀ
- ਮਿਊਂਸਪਲ ਰੋਡ ਐਲਾਊਐਂਸ ਉੱਤੇ ਕੀਤਾ ਗਿਆ ਕੋਈ ਵੀ ਕੰਮ
- ਪ੍ਰਾਈਵੇਟ ਪ੍ਰਾਪਰਟੀ ਉੱਤੇ ਡਰਾਈਵ-ਵੇਅ ਅਲਾਈਨਮੈਂਟ ਲਈ ਮਨਜ਼ੂਰੀ

ਨਵਾਂ ਪਰਮਿਟ ਫਾਰਮ 15 ਜੂਨ ਤੋਂ ਸਿਟੀ ਦੀ ਵੈੱਬਸਾਈਟ ਉੱਤੇ ਉਪਲਬਧ ਹੋਵੇਗਾ।

...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton, ON, L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre
Cell: 416-841-4218 Tel: 905-216-5563
AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ

SEHMBI RENOVATIONS
Custom Kitchen Cabinets • Completly Furnished • Legal Basement • Painting & Flooring
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill 647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

JEYA TRANSPORT LTD.

LOOKING FOR LONG/SHORT HAULS

A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

416-832-7131 / 905-564-8851

202-2386 Haines Rd., Mississauga, ON

www.jeyatransport.com
Email: ramesh@jeyatransport.com

TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

Guaranteed lowest Price up to 50% OFF

- WINDOWS
- FIBERGLASS DOORS
- STEEL DOORS
- SLIDING PATIO DOORS

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਪਰਸੋਂ ਆਸਿਫ ਜ਼ਰਦਾਰੀ ਨੇ ਆਖਿਆ ਸੀ,
ਚੱਲਣ ਦੇਣਾ ਨਹੀਂ ਤਖਤ ਇਮਰਾਨ ਵਾਲਾ।
ਅਕਲ ਧੇਲੇ ਦੀ ਆਈ ਨਹੀਂ ਕੋਲ ਉਸ ਦੇ,
ਅਹੁਦਾ ਸਾਂਭ ਲਿਆ ਓਸ ਵਿਦਵਾਨ ਵਾਲਾ।
ਪੂਰੇ ਮੁਲਕ ਲਈ ਹੁਕਮ ਪਿਆ ਇੰਜ ਛੱਡੇ,
ਹਟਵਾਣੀਆ ਜਿਵੇਂ ਹੈ ਛੋਟੀ ਦੁਕਾਨ ਵਾਲਾ।
ਆਉਂਦੀ ਕਰਨੀ ਨਹੀਂ ਰਤਾ ਹੈ ਕੂਟਨੀਤੀ,
ਜਲੂਸ ਕੱਢ ਰਿਹਾ ਈ ਪਾਕਿਸਤਾਨ ਵਾਲਾ।
ਲੰਘਣ ਦਿੱਤੇ ਦਿਹਾੜੇ ਨਹੀਂ ਤਿੰਨ ਮਿੱਤਰ,
ਜ਼ਰਦਾਰੀ ਪਕੜ ਕੇ ਭੇਜਿਆ ਜੇਲ੍ਹ ਅੰਦਰ।
ਗਿਆ ਸੀ ਪਹਿਲਾਂ ਸ਼ਰੀਫ ਨਵਾਜ਼ ਅੰਦਰ,
ਕਰਾਇਆ ਦੋਵਾਂ ਦਾ ਜਾਪਦਾ ਮੇਲ ਅੰਦਰ।

ਤੀਸ ਮਾਰ ਖਾਂ

## ਲਾਪਤਾ 14 ਸਾਲਾ ਲੜਕੇ ਦੀ ਲਾਸ਼ ਮਿਲੀ

ਮਾਰਟਨ ਫਾਲਜ਼, ਓਨਟਾਰੀਓ, 10 ਜੂਨ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਉੱਤਰੀ ਓਨਟਾਰੀਓ ਤੋਂ ਲਾਪਤਾ 14 ਸਾਲਾ ਲੜਕਾ ਸ਼ਨਿੱਚਰਵਾਰ ਨੂੰ ਮ੍ਰਿਤਕ ਪਾਇਆ ਗਿਆ। ਪੁਲਿਸ ਨੇ ਦੱਸਿਆ ਕਿ ਮਾਰਟਨ ਫਾਲਜ਼ ਦੇ ਐਡਮ ਸਪੇਡ ਦੇ ਲਾਪਤਾ ਹੋਣ ਦੀ ਰਿਪੋਰਟ ਵੀਰਵਾਰ ਨੂੰ ਅਨੀਸੀਨਾਬੇਕ ਪੁਲਿਸ ਸਰਵਿਸ ਕੋਲ ਦਰਜ ਕਰਵਾਈ ਗਈ ਸੀ। ਉਹ ਫੋਰਟ ਵਿਲੀਅਮ ਫਰਸਟ ਨੇਸ਼ਨ ਦੇ ਘਰ ਤੋਂ ਲਾਪਤਾ ਹੋ ਗਿਆ ਸੀ। ਸ਼ੁੱਕਰਵਾਰ ਨੂੰ ਫੋਰਟ ਵਿਲੀਅਮ ਫਰਸਟ ਨੇਸ਼ਨ ਵਿੱਚ ਲੇਕ ਸੁਪੀਰੀਅਰ ਵਿੱਚੋਂ ਉਸ ਦੀ ਲਾਸ਼ ਮਿਲੀ। ਪ੍ਰੋਵਿੰਸ਼ੀਅਲ ਅਧਿਕਾਰੀਆਂ ਨੇ ਦੱਸਿਆ ਕਿ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਲਈ ਪੋਸਟ ਮਾਰਟਮ ਵੀ ਕੀਤਾ ਜਾਵੇਗਾ। ਇਸ ਮਾਮਲੇ ਦੀ ਜਾਂਚ ਕ੍ਰਾਈਮ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਵੱਲੋਂ ਮਦਦ ਲਈ ਆਖਿਆ ਜਾ ਰਿਹਾ ਹੈ।

# ਬੋਰ-ਵੈੱਲ ਵਿੱਚ ਡਿੱਗੇ ਹੋਏ ਫਤਹਿਵੀਰ ਨੂੰ ਮੰਗਲਵਾਰ ਸਵੇਰੇ ਕੱਢ ਲਿਆ ਗਿਆ



ਸੰਗਰੂਰ, 10 ਜੂਨ, (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਸੁਨਾਮ ਨੇੜਲੇ ਪਿੰਡ ਭਗਵਾਨਪੁਰਾ ਵਿੱਚ 140 ਫੁੱਟ ਡੂੰਘੇ ਅਤੇ ਦਸ ਸਾਲਾਂ ਤੋਂ ਨਾਕਾਰਾ ਪਏ ਬੋਰ ਵੈੱਲ ਵਿੱਚ ਪਿਛਲੇ ਪੰਜ ਦਿਨਾਂ ਤੋਂ ਫਸੇ ਹੋਏ ਦੋ ਸਾਲਾ ਬੱਚੇ ਫ਼ਤਹਿਵੀਰ ਸਿੰਘ ਨੂੰ ਮੰਗਲਵਾਰ ਨੂੰ ਸਵੇਰੇ ਕੱਢ ਲਿਆ ਗਿਆ ਹੈ। ਕਰੀਬ ਸਵਾ ਸੌ ਘੰਟੇ ਲੰਮਾ ਚੱਲ ਚੁੱਕੇ ਰੈਸਕਿਊ ਆਪ੍ਰੇਸ਼ਨ ਤੋਂ ਬਾਅਦ ਇਸ ਦੀ ਕਮਾਨ ਫੌਜੀ ਇੰਜੀਨੀਅਰਾਂ ਨੂੰ ਸੌਂਪ ਦਿੱਤੀ ਗਈ ਸੀ।

ਇਸ ਸੰਬੰਧ ਵਿੱਚ ਸੋਮਵਾਰ ਅੱਧੀ ਰਾਤ ਤੱਕ ਦੀਆਂ ਖਬਰਾਂ ਮੁਤਾਬਕ ਬੱਚੇ ਨੂੰ ਸੁਰੱਖਿਅਤ ਕੱਢਣ ਲਈ ਐੱਨ ਡੀ ਆਰ ਐੱਫ ਦੇ ਨਾਲ ਅੱਜ ਫ਼ੌਜ ਦੀ ਅਸਾਲਟ ਇੰਜੀਨੀਅਰਿੰਗ ਰੈਜੀਮੈਂਟ ਦੀ ਟੀਮ ਵੀ ਜੁੱਟ ਗਈ ਹੈ।ਮੌਕੇ ਉੱਤੇ ਮੈਡੀਕਲ ਟੀਮਾਂ ਵੀ ਤਾਇਨਾਤ ਹਨ ਅਤੇਲੋੜ ਪਈ ਤਾਂ ਬੱਚੇ ਨੂੰ ਇਲਾਜ ਲਈ ਪੀ ਜੀ ਆਈ ਲਿਜਾਣ ਵਾਸਤੇ ਪੰਜਾਬ ਸਰਕਾਰ ਨੇ ਏਅਰ ਐਂਬੂਲੈਂਸ ਵਜੋਂ ਵਰਤਣ ਲਈ ਹੈਲੀਕਾਪਟਰ ਵੀ ਲਿਆਂਦਾ ਹੋਇਆ ਹੈ। ਅੱਜ ਬਾਅਦ ਦੋਪਹਿਰ ਭਾਰਤੀ ਫੌਜ ਵੱਲੋਂ ਅਸਾਲਟ ਇੰਜੀਨਿਅਰਿੰਗ ਰੈਜੀਮੈਂਟ ਪਟਿਆਲਾ ਦੀ 20 ਮੈਂਬਰੀ ਟੀਮ ਵੀ ਪਹੁੰਚ ਗਈ ਤੇ ਉਸ ਨੇ ਐੱਨ ਡੀ ਆਰ ਐੱਫ ਦੇ ਨਾਲ ਰੈਸਕਿਊ ਆਪ੍ਰੇਸ਼ਨ ਦੀ ਵਾਗ ਸੰਭਾਲ ਲਈ। ਫਤਿਹਵੀਰ ਸਿੰਘ ਨੂੰ ਹਰ ਮੈਡੀਕਲ ਸਹੂਲਤ ਦੇਣ ਲਈ ਡੀ ਐੱਮਸੀ ਲੁਧਿਆਣਾ, ਪੀਜੀਆਈ ਚੰਡੀਗੜ੍ਹ ਤੇ ਸਿਵਲ ਹਸਪਤਾਲ ਸੰਗਰੂਰ ਵਿਖੇ ਵਿਸ਼ੇਸ਼ ਰੂਮ ਬਣਾਏ ਗਏ ਹਨ। ਆਪ੍ਰੇਸ਼ਨ ਏਰੀਆ ਦੇ ਦੁਆਲੇ ਫਲੱਡ ਲਾਈਟਾਂ ਲਾਈਆਂ ਗਈਆਂ ਹਨ।

ਇਸ ਦੌਰਾਨ ਅੱਜ ਪੰਜਾਬ ਦੇ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ ਨੇ ਫਤਹਿਵੀਰ ਸਿੰਘ ਨੂੰ ਬੋਰ ਵੈੱਲ ਤੋਂ ਕੱਢੇ ਜਾਣ ਲਈ ਹੋ ਰਹੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਦੱਸਿਆ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਬੋਰ ਵੈੱਲ ਵਿਚ ਡਿੱਗੇ ਇਸ ਬੱਚੇ ਲਈ ਹੋ ਰਹੇ ਬਚਾਅ ਕੰਮਾਂ ਦਾ ਲਗਾਤਾਰ ਜਾਇਜ਼ਾ ਲੈ ਰਹੇ ਹਨ ਅਤੇ ਜਦੋਂ ਬਚਾਅ ਟੀਮਾਂ ਬੱਚੇ ਨੂੰ ਬੋਰ ਵੈੱਲ ਵਿੱਚੋਂ ਕੱਢ ਲੈਣਗੀਆਂ ਤਾਂ ਇਲਾਜ ਵੀ ਯਕੀਨੀ ਕੀਤਾ ਜਾਵੇਗਾ।ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਟਵੀਟ ਕਰਕੇ ਫ਼ਤਹਿਵੀਰ ਦੇ ਮਾਂ-ਬਾਪ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਨਾਲ ਹੀ ਮੁੱਖ ਮੰਤਰੀ ਕੈਪਟਨ ਸਰਕਾਰ ਨੂੰ ਲੰਮੇ ਹੱਥੀਂ ਲਿਆ ਅਤੇ ਢਿੱਲੀ ਕਾਰਗੁਜ਼ਾਰੀ ਲਈ ਕੋਸਿਆ ਹੈ। ਦੂਸਰੇ ਪਾਸੇ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਘਟਨਾ ਦਾ ਨੋਟਿਸ ਲੈਂਦੇ ਹੋਏ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ 24 ਘੰਟਿਆਂ ਵਿੱਚ ਖੁੱਲ੍ਹੇ ਬੋਰ ਵੈੱਲਾਂ ਦੀ ਰਿਪੋਰਟ ਦੇਣ ਨੂੰ ਕਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਰਾ ਕੰਮ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਅਤੇ ਡਿਪਟੀ ਕਮਿਸ਼ਨਰ ਸੰਗਰੂਰ ਘਣਸ਼ਿਆਮ ਥੋਰੀ ਦੀ ਅਗਵਾਈ ਹੇਠ ਚੱਲ ਰਿਹਾ ਹੈ ਅਤੇ ਖੁਦ ਉਨ੍ਹਾਂ ਦੀ ਪੂਰੀ ਨਜ਼ਰ ਇਸ ਉੱਤੇ ਹੈ। ਕੈਪਟਨ ਅਮਰਿੰਦਰ ਸਿੰਘ ਨੇ ਫਤਹਿਵੀਰ ਦੇ ਪਰਿਵਾਰ ਨੂੰ ਦਿਲਾਸਾ ਦਿੱਤਾ ਹੈ ਕਿ ਸਰਕਾਰ ਉਨ੍ਹਾਂ ਦੇ ਨਾਲ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਟੋਰਾਂਟੋ ਦੀ ਸਿਟੀ ਕਾਉਂਸਲ ਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਕਾਨੂੰਨੀ ਜੰਗ ਹੋਈ ਤੇਜ਼





ਟੋਰਾਂਟੋ, 10 ਜੂਨ (ਪੋਸਟ ਬਿਊਰੋ) : ਓਨਟਾਰੀਓ ਦੀ ਸਰਬਉੱਚ ਅਦਾਲਤ ਵੱਲੋਂ ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਾਲੀ ਨਵੀਂ ਸਰਕਾਰ ਦੇ ਪਿਛਲੇ ਸਾਲ ਟੋਰਾਂਟੋ ਦੀਆਂ ਮਿਉਂਸਪਲ ਚੋਣਾਂ ਵਿੱਚ ਕੀਤੀ ਗਈ ਦਖਲਅੰਦਾਜ਼ੀ ਦੀ ਸਖ਼ਤ ਆਲੋਚਨਾ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੇ ਅੰਤ ਵਿੱਚ ਮਿਉਂਸਪਲ ਚੋਣ ਮੁਹਿੰਮ ਦੌਰਾਨ ਕਾਊਂਸਲਰ ਸੀਟਜ਼ 47 ਤੋਂ ਘਟਾ ਕੇ 25 ਕਰਨ ਲਈ ਪ੍ਰੋਵਿੰਸ ਵੱਲੋਂ ਪਾਸ ਕੀਤੇ ਬਿੱਲ ਦੇ ਸਬੰਧ ਵਿੱਚ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਹੁਣ ਸੋਮਵਾਰ ਤੇ ਮੰਗਲਵਾਰ ਨੂੰ ਸਿਟੀ ਬਨਾਮ ਪ੍ਰੋਵਿੰਸ ਦਰਮਿਆਨ ਸੰਘਰਸ਼ ਹੋਵੇਗਾ। ਦਾਖਲ ਕੀਤੇ ਗਏ ਨਵੇਂ ਦਸਤਾਵੇਜ਼ਾਂ ਵਿੱਚ ਸਿਟੀ ਵੱਲੋਂ ਕੋਰਟ ਆਫ ਅਪੀਲ ਨੂੰ ਇਹ ਬੇਨਤੀ ਕੀਤੀ ਗਈ ਹੈ ਕਿ ਬੈਟਰ ਲੋਕਲ ਗਵਰਮੈਂਟ ਐਕਟ ਨੂੰ ਗੈਰਸੰਵਿਧਾਨਕ ਕਰਾਰ ਦਿੱਤਾ ਜਾਵੇ।

ਟੋਰਾਂਟੋ ਵੱਲੋਂ ਇਹ ਵੀ ਆਖਿਆ ਗਿਆ ਕਿ ਪ੍ਰੋਵਿੰਸ ਵੱਲੋਂ ਲਿਆਂਦਾ ਗਿਆ ਇਹ ਐਕਟ ਗੈਰਜ਼ਰੂਰੀ ਹੈ ਕਿਉਂਕਿ ਇਸ ਦਾ ਸਮਰਥਨ ਕਰਨ ਲਈ ਕੋਈ ਠੋਸ ਸਬੂਤ ਹੀ ਪ੍ਰੋਵਿੰਸ ਕੋਲ ਨਹੀਂ ਹੈ। ਓਟਵਾ ਦੇ ਲਾਅ ਪ੍ਰੋਫੈਸਰ ਕਰਿਸਿਮਾ ਮੇਥਨ ਦਾ ਕਹਿਣਾ ਹੈ ਕਿ ਆਪਣੇ ਨਜ਼ਰੀਏ ਤੋਂ ਅਪੀਲ ਕੋਰਟ ਨੂੰ ਰਾਜ਼ੀ ਕਰਨ ਦੀ ਲੜਾਈ ਸਿਟੀ ਲਈ ਬਹੁਤ ਔਖੀ ਹੈ। ਪਰ ਆਪਣੇ ਵੱਲੋਂ ਪੇਸ਼ ਤੱਥਾਂ ਦੇ ਆਧਾਰ ਉੱਤੇ ਪ੍ਰੋਵਿੰਸ ਦਾ ਦਾਅਵਾ ਹੈ ਕਿ ਇਹ ਕਾਨੂੰਨ ਲਾਜ਼ਮੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਅਕਤੂਬਰ ਦੀਆਂ ਚੋਣਾਂ ਤੋਂ ਠੀਕ ਪਹਿਲਾਂ ਸੁਪੀਰੀਅਰ ਕੋਰਟ ਦੇ ਜੱਜ ਐਡਵਰਡ ਬੈਲੋਬਾਬਾ ਨੇ ਇਸ ਬਿੱਲ ਨੂੰ ਗੈਰਸੰਵਿਧਾਨਕ ਐਲਾਨ ਦਿੱਤਾ ਸੀ ਤੇ 47 ਸੀਟਾਂ ਉੱਤੇ ਹੀ ਵੋਟ ਕਰਵਾਉਣ ਦੇ ਹੁਕਮ ਦਿੱਤੇ ਸਨ। ਪਰ ਫੋਰਡ ਵੱਲੋਂ ਇਸ ਬਹਿਸ ਨੂੰ ਇਹ ਆਖ ਕੇ ਹਵਾ ਦਿੱਤੀ ਗਈ ਕਿ ਇਸ ਫੈਸਲੇ ਦੇ ਸਬੰਧ ਵਿੱਚ ਉਹ ਇਸ ਕਲਾਜ਼ ਨੂੰ ਰੱਦ ਕਰਨ ਦਾ ਸੱਦਾ ਦੇਣਗੇ। ਪਰ ਪ੍ਰੋਵਿੰਸ ਵੱਲੋਂ ਇਸ ਫੈਸਲੇ ਉੱਤੇ ਸਟੇਅ ਹਾਸਲ ਕਰ ਲਏ ਜਾਣ ਤੋਂ ਬਾਅਦ ਇਸ ਦੀ ਲੋੜ ਹੀ ਨਹੀਂ ਪਈ ਤੇ 25 ਵਾਰਡਾਂ ਦੀਆਂ ਹੀ ਚੋਣਾਂ ਹੋਈਆਂ।


PROPERTIES FOR SALE

5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms

47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.

Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
o1:1 Training
➔ Forklift Training
Reach Truck
Counterbalance
Air Brake Classes Sat-Sun 8am to 4pm

Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741

LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ShерGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636

Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

## ਅਮਰਿੰਦਰ ਤੇ ਸਿੱਧੂ ਵਿਵਾਦ:

# ਰਾਹੁਲ ਗਾਂਧੀ ਤੇ ਪ੍ਰਿਅੰਕਾ ਨੂੰ ਮਿਲ ਕੇ ਸਿੱਧੂ ਨੇ ਕਿਹਾ: ਪੂਰੀ ਗੱਲ ਦੱਸ ਆਇਆ ਹਾਂ



ਚੰਡੀਗੜ੍ਹ, 10 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਖਿੱਚੋਤਾਣ ਹਾਲੇ ਖ਼ਤਮ ਨਹੀਂ ਹੋਈ। ਅੱਜ ਨਵੋਜਤ ਸਿੰਘ ਸਿੱਧੂ ਨੇ ਇਸ ਵਿਵਾਦ ਬਾਰੇ ਕਾਂਗਰਸਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨਾਲ ਨਵੀਂ ਦਿੱਲੀ ਵਿੱਚ ਮੁਲਾਕਾਤ ਕਰ ਕੇ ਇਸ ਬਾਰੇਫੋਟੋ ਟਵੀਟ ਕੀਤੀ ਹੈ। ਸਿੱਧੂ ਵੱਲੋਂ ਨਵੇਂ ਮਿਲੇ ਵਿਭਾਗ ਦਾ ਚਾਰਜ ਲੈਣ ਦੀ ਥਾਂ ਦਿੱਲੀ ਵਿੱਚ ਰਾਹੁਲ ਅਤੇ ਪ੍ਰਿਅੰਕਾ ਨਾਲ ਮੁਲਾਕਾਤ ਦੇ ਕਾਰਨ ਪੰਜਾਬ ਵਿੱਚ ਹਾਕਮ ਪਾਰਟੀ ਦੀ ਅੰਦਰੂਨੀ ਰਾਜਨੀਤੀ ਫਿਰ ਸਰਗਰਮ ਵਧ ਗਈ ਹੈ।

ਵਰਨਣ ਯੋਗ ਹੈ ਕਿ ਆਪਣਾ ਪਹਿਲਾ ਲੋਕਲ ਬਾਡੀਜ਼ ਵਿਭਾਗ ਖੁੱਸਣ ਅਤੇ ਉਸ ਦੀ ਥਾਂ ਬਿਜਲੀ ਵਿਭਾਗ ਮਿਲਣ ਉੱਤੇ ਨਵਜੋਤ ਸਿੰਘ ਸਿੱਧੂ ਨੇ ਚੁੱਪ ਧਾਰੀ ਹੋਈ ਹੈ, ਪਰ ਨਵੇਂ ਮਿਲੇ ਵਿਭਾਗ ਦਾ ਚਾਰਜ ਨਹੀਂ ਲਿਆ। ਸੋਸ਼ਲ ਮੀਡੀਆ ਤੋਂ ਸਰਗਰਮ ਰਹਿਣ ਵਾਲੇ ਨਵਜੋਤ ਸਿੰਘ ਸਿੱਧੂ ਨੇ 2 ਜੂਨ ਤੋਂ ਚੁੱਪ ਰਹਿਣ ਪਿੱਛੋਂ ਅੱਜ ਸਵੇਰੇ ਇੱਕ ਟਵੀਟ ਰਾਹੀਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨਾਲ ਮੀਟਿੰਗਦੀ ਸੂਚਨਾ ਦਿੱਤੀ। ਦੋਵਾਂ ਆਗੂਆਂ ਨਾਲ ਉਨ੍ਹਾਂ ਦੀ ਮੀਟਿੰਗ ਮੌਕੇ ਅਹਿਮਦ ਪਟੇਲ ਮੌਜੂਦ ਸਨ। ਨਵਜੋਤ ਸਿੰਘ ਸਿੱਧੂ ਨੇ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਵਾਡਰਾ ਤੇ ਅਹਿਮਦ ਪਟੇਲ ਨਾਲ ਆਪਣਾ ਫੋਟੋ ਪੋਸਟ ਕਰ ਕੇ ਟਵੀਟ ਕੀਤਾ ਹੈ ਕਿ ਮੈਂ ਕਾਂਗਰਸ ਪ੍ਰਧਾਨ ਨੂੰ ਮਿਲਿਆ ਤੇ ਆਪਣਾ ਇੱਕ ਪੱਤਰ ਸੌਂਪ ਕੇ ਉਨ੍ਹਾਂ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਹੈ।

# ਕਠੂਆ ਬਲਾਤਕਾਰ ਕਾਂਡ: ਦੋ ਪੁਲਿਸ ਵਾਲਿਆਂ ਤੇ ਪੁਜਾਰੀ ਸਮੇਤ ਛੇ ਜਣੇ ਦੋਸ਼ੀ ਕਰਾਰ, 3 ਨੂੰ ਉਮਰਕੈਦ

### * 3 ਹੋਰ ਦੋਸ਼ੀਆਂ ਨੂੰ 5-5 ਸਾਲ ਕੈਦ, ਇੱਕ ਬਰੀ



ਪਠਾਨਕੋਟ, 10 ਜੂਨ, (ਪੋਸਟ ਬਿਊਰੋ)- ਪਿਛਲੇ ਇੱਕ ਸਾਲ ਦੌਰਾਨ ਬਹੁ-ਚਰਚਿਤ ਰਹਿ ਚੁੱਕੇ ਕਠੂਆ ਬਲਾਤਕਾਰ ਅਤੇ ਕਤਲ ਕੇਸ ਬਾਰੇ ਅਦਾਲਤ ਨੇ ਆਪਣਾ ਫ਼ੈਸਲਾ ਦੇ ਦਿੱਤਾ ਹੈ। ਅੱਜ ਸਵੇਰੇ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਛੇ ਜਣਿਆਂ ਨੂੰ ਦੋਸ਼ੀ ਕਰਾਰ ਦੇ ਦਿੱਤਾ, ਜਿਨ੍ਹਾਂ ਵਿੱਚ ਇਸ ਘਟਨਾ ਦਾ ਮੁੱਖ ਸਾਜ਼ਿਸ਼ੀ ਅਤੇ ਮੰਦਰ ਦਾ ਮਹੰਤ ਸਾਂਝੀ ਰਾਮ ਸ਼ਾਮਲ ਹੈ। ਦੋਸ਼ੀਆਂ ਵਿਚ ਦੋ ਪੁਲਿਸ ਵਾਲੇਸਨ। ਇਕ ਜਣਾ ਬਰੀ ਕੀਤਾ ਗਿਆ ਹੈ। ਅੱਜ ਸ਼ਾਮ ਆਏ ਫ਼ੈਸਲੇ ਵਿੱਚ 3 ਦੋਸ਼ੀਆਂਪ੍ਰਵੇਸ਼ ਕੁਮਾਰ, ਦੀਪਕ ਖਜੂਰੀਆ ਅਤੇ ਸਾਂਝੀ ਰਾਮ ਨੂੰ ਉਮਰਕੈਦ ਤੇ ਬਾਕੀ ਤਿੰਨਾਂਆਨੰਦ ਦੱਤਾ, ਸੁਰਿੰਦਰ ਤੇ ਕਾਂਸਟੇਬਲ ਤਿਲਕ ਰਾਜ ਨੂੰ 5-5 ਸਾਲ ਦੀ ਸਜ਼ਾ ਹੋਈ ਹੈ। ਸਜ਼ਾ ਦੇ ਨਾਲ ਇਕ-ਇੱਕ ਲੱਖ ਰੁਪਏ ਜੁਰਮਾਨਾ ਲਾਇਆ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਦੀ ਸੁਣਵਾਈ ਸ਼ੁਰੂ ਹੋਣ ਦੇ 380 ਦਿਨਾਂ ਪਿੱਛੋਂ ਇਹ ਫ਼ੈਸਲਾ ਆਇਆ ਹੈ, ਜਿਸ ਵਿੱਚ ਦੀਪਕ ਕੁਮਾਰ, ਪ੍ਰਵੇਸ਼ ਕੁਮਾਰ, ਐੱਸ ਪੀ ਓ ਸੁਰੇਂਦਰ ਕੁਮਾਰ, ਐੱਸਪੀਓ ਆਨੰਦ ਦੱਤਾ ਤੇਸਿਪਾਹੀ ਤਿਲਕ ਰਾਜ ਦੇ ਨਾਲ ਹੀ ਮੰਦਰ ਦੇ ਪੁਜਾਰੀ ਦੱਸੇ ਜਾਂਦੇ ਸਾਂਝੀ ਰਾਮ ਨੂੰ ਦੋਸ਼ੀ ਮੰਨਿਆ ਗਿਆ ਹੈ। ਮੁੱਖ ਸਾਜ਼ਿਸ਼ ਕਰਤਾ ਸਾਂਝੀ ਰਾਮ ਦੇ ਪੁੱਤਰ ਵਿਸ਼ਾਲ ਜੰਗੋਤਰਾ ਨੂੰ ਬਰੀ ਕੀਤਾ ਗਿਆ ਹੈ। ਇਸ ਫ਼ੈਸਲੇ ਦੇ ਵਕਤ ਅਦਾਲਤ ਅੱਗੇ ਪੱਕੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਜੱਜ ਡਾ. ਤੇਜਵਿੰਦਰ ਸਿੰਘ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਫ਼ੈਸਲਾ ਸੁਣਾਇਆ।

ਕੇਸ ਹਿਸਟਰੀ ਮੁਤਾਬਕ 10 ਜਨਵਰੀ 2018 ਨੂੰ ਜੰਮੂ-ਕਸ਼ਮੀਰ ਦੇ ਕਠੂਆ ਦੀ ਹੀਰਾਨਗਰ ਤਹਿਸੀਲ ਵਿਚਲੇ ਰਸਾਨਾ ਪਿੰਡ ਵਿਚ ਅੱਠ ਸਾਲਾ ਬੱਚੀ ਪਸ਼ੂ ਚਰਾਉਣ ਗਈ ਗ਼ਾਇਬ ਹੋ ਗਈ ਸੀ। ਤਿੰਨ ਦਿਨ ਪਿੱਛੋਂ ਉਸ ਦੀ ਲਾਸ਼ ਇਕ ਸਥਾਨਕ ਮੰਦਰ ਦੇ ਕੋਲ ਮਿਲੀ ਸੀ। ਪਰਿਵਾਰ ਦੀ ਸ਼ਿਕਾਇਤ ਉੱਤੇ ਦੀਪਕ ਕੁਮਾਰ, ਪ੍ਰਵੇਸ਼ ਕੁਮਾਰ, ਵਿਸ਼ਾਲ ਜੰਗੋਤਰਾ, ਐੱਸ ਪੀ ਓ ਸੁਰੇਂਦਰ ਕੁਮਾਰ, ਐੱਸਪੀਓ ਆਨੰਦ ਦੱਤਾ, ਸਿਪਾਹੀ ਤਿਲਕ ਰਾਜ, ਸਾਂਝੀ ਰਾਮ ਤੇ ਇਕ ਨਾਬਾਲਿਗ ਉੱਤੇ ਬਲਾਤਕਾਰ, ਕਤਲ, ਸਾਜ਼ਿਸ਼ ਰਚਣ, ਸਬੂਤ ਮਿਟਾਉਣ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ਦੇ ਫਿਰਕੂ ਰੰਗ ਲੈਣ, ਮਾਹੌਲ ਵਿਗੜਨ ਤੇ ਸੁਰੱਖਿਆ ਦੇ ਪੱਖੋਂ ਸੁਪਰੀਮ ਕੋਰਟ ਨੇ ਕੇਸ ਨੂੰ ਜੰਮੂ-ਕਸ਼ਮੀਰ ਵਿਚਲੇਕਠੂਆ ਤੋਂ ਪੰਜਾਬ ਦੇ ਪਠਾਨਕੋਟ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਲਾਤ ਵਿਚ ਤਬਦੀਲ ਕਰ ਦਿੱਤਾ ਸੀ। ਲਗਾਤਾਰ ਇਕ ਸਾਲ ਤਕ ਸੁਣਵਾਈ ਦੌਰਾਨ ਇਸਤਗਾਸਾ ਪੱਖ ਨੇ 114 ਗਵਾਹ ਅਤੇ ਬਚਾਅ ਪੱਖ ਨੇ 18 ਗਵਾਹ ਪੇਸ਼ ਕੀਤੇ ਸਨ।

ਦੱਸਿਆ ਜਾਂਦਾ ਹੈ ਕਿ ਮਾਲ ਮਹਿਕਮੇ ਦੇ ਅਫਸਰ ਵਜੋਂ ਰਿਟਾਇਰ ਹੋਏ ਸਾਂਝੀ ਰਾਮ ਨੇ ਇਸ ਪਿੰਡ ਦੇ ਧਾਰਮਿਕ ਅਸਥਾਨ ਵਿੱਚ ਸੇਵਾ ਸ਼ੁਰੂ ਕੀਤੀ ਸੀ, ਪਰ ਉਹ ਇਸ ਅਸਥਾਨ ਨੇੜੇ ਗਾਂਵਾਂ ਪਾਲਣ ਵਾਲੇ ਬੱਕਰਵਾਲ ਭਾਈਚਾਰੇ ਦੇ ਡੇਰਾ ਬਣਾਉਣ ਤੋਂ ਨਾਰਾਜ਼ ਸੀ। ਇੱਕ ਦਿਨ ਉਸ ਪਰਵਾਰ ਦੀ ਬੱਚੀ ਗਾਂਵਾਂ ਚਾਰਨ ਗਈ ਤਾਂ ਉਸ ਨੇ ਉਸ ਨੂੰ ਅਗਵਾ ਕੀਤਾ ਤੇ ਧਾਰਮਿਕ ਅਸਥਾਨ ਵਿੱਚ ਲਿਜਾ ਕੇ ਬਲਾਤਕਾਰ ਕੀਤਾ ਸੀ, ਜਿਸ ਵਿੱਚ ਹੋਰ ਦੋਸ਼ੀਆਂ ਤੋਂ ਇਲਾਵਾ ਪੁਲਸ ਦੇ ਤਿੰਨ ਜਣੇ ਵੀ ਸ਼ਾਮਲ ਸਨ। ਬਾਅਦ ਵਿੱਚ ਇਹ ਮਾਮਲਾ ਫਿਰਕੂ ਰੰਗ ਲੈ ਗਿਆ ਸੀ। ਇੱਕ ਖਾਸ ਪਾਰਟੀ ਮੰਦਰ ਨਾਲ ਮਾਮਲਾ ਜੋੜੇ ਜਾਣ ਕਾਰਨ ਨਾਰਾਜ਼ ਸੀ ਅਤੇ ਹਾਲਾਤ ਖਰਾਬ ਹੋਣ ਕਾਰਨ ਕੇਸ ਪਠਾਨਕੋਟ ਤਬਦੀਲ ਕੀਤਾ ਗਿਆ ਸੀ।

# ਡੇਢ ਦਰਜਨ ਕਤਲਾਂ ਦਾ ਦੋਸ਼ੀ ਅਤੇ ਉੱਤਰੀ ਭਾਰਤ ਦਾ ਖਤਰਨਾਕ ਗੈਂਗਸਟਰ ਗ੍ਰਿਫ਼ਤਾਰ

### * ਮੁਕਾਬਲੇ ਪਿੱਛੋਂ ਫੜਿਆ ਗਿਆ 19 ਸਾਲਾ ਅਕਸ਼ੇ

ਰੋਪੜ, 10 ਜੂਨ, (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਿਸ ਨੇ ਅੱਜ ਨੂਰਪੁਰਬੇਦੀ ਖੇਤਰ ਵਿਚ ਦੁਵੱਲੀ ਗੋਲੀਬਾਰੀ ਤੋਂ ਬਾਅਦ ਅਕਸ਼ੇ ਪਹਿ-ਲਵਾਨ ਉਰਫ ਕਾਲੀ ਨਾਂਅ ਦੇ ਖਤਰਨਾਕ ਗੈਂਗਸਟਰ ਨੂੰ ਗ੍ਰਿਫਤਾਰ ਕੀਤਾ ਹੈ। ਮੁਕਾਬਲੇ ਦੌਰਾਨ ਉਸ ਦੇ ਪਿਸਤੌਲ ਦੀਆਂ ਗੋਲੀਆਂ ਮੁੱਕਣਪਿੱਛੋਂ ਸੀ ਆਈ ਏ ਅਤੇ ਸਥਾਨਕ ਪੁਲਿਸ ਦੀਆਂ ਟੀਮਾਂ ਨੇ ਉਸ ਨੂੰ ਫੜਿਆਹੈ। 19 ਸਾਲਾ ਅਕਸ਼ੇ ਚੰਡੀਗੜ੍ਹ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿਚ ਕਈ ਕਤਲ ਕੇਸਾਂ ਵਿਚ ਲੋੜੀਂਦਾ ਸੀ।

ਵਰਨਣ ਯੋਗ ਹੈ ਕਿ ਸਤੰਬਰ 2015 ਵਿਚ ਸੋਨੀਪਤ ਵਿਖੇ 3 ਕਤਲਾਂ ਦੇ ਕੇਸ ਵਿਚ ਅਕਸ਼ੇ ਨੂੰ 18 ਮਹੀਨੇ ਜੇਲ੍ਹ ਹੋਈ ਸੀ, ਪਰ ਨਾਬਾਲਗ ਹੋਣ ਕਾਰਨ ਉਹ 2017 ਵਿੱਚ ਜਮਾਨਤ ਉੱਤੇਛੁੱਟ ਗਿਆ। ਜੇਲ੍ਹ ਤੋਂਨਿਕਲਣ ਦੇ ਬਾਅਦ ਉਹ ਦਿੱਲੀ ਦੇ ਗੈਂਗਸਟਰ ਰਾਜੂ ਬਿਸੌਦੀ, ਜਿਹੜਾ ਸੋਨੀਪਤ ਦਾ ਰਹਿਣ ਵਾਲਾ ਹੈ, ਨਾਲ ਮਿਲ ਗਿਆ ਤੇ ਫਿਰ 3 ਕਤਲ ਕੇਸਾਂ, ਲੁੱਟ-ਖੋਹਤੇ ਜਬਰਨ ਵਸੂਲੀ ਦੇ ਕਈ ਕੇਸਾਂ ਵਿਚ ਸ਼ਾਮਲ ਰਿਹਾ। ਉਸ ਨੇ ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਵੱਲ ਪਸ਼ੂ ਤਸਕਰੀ ਕਰਨ ਦਾ ਗੈਂਗ ਚਲਾਇਆ।ਪਿਛਲੇ 2 ਸਾਲਾਂ ਤੋਂ ਉਹ ਲਾਰੈਂਸ ਬਿਸ਼ਨੋਈ (ਜੇਲ੍ਹ ਵਿੱਚ ਬੰਦ ਕੈਦੀ ਗੈਂਗਸਟਰ) ਦੇ ਸੰਪਰਕ ਵਿਚ ਆਇਆ ਅਤੇ ਇਸ ਗਰੁੱਪ ਦੇ ਮੈਂਬਰਾਂ ਨਾਲ ਮਿਲ ਕੇ ਉਸ ਨੇ 4 ਕਤਲ ਅਤੇ 6 ਹਾਈਵੇਜ਼ ਡਕੈਤੀਆਂ ਕੀਤੀਆਂ। ਨਾਬਾਲਗ ਹੋਣ ਕਾਰਨ ਮਾਰਚ 2017 ਵਿਚ ਜੇਲ੍ਹ ਵਿਚੋਂ ਜ਼ਮਾਨਤ ਉੱਤੇ ਛੁੱਟਣ ਮਗਰੋਂ ਉਸ ਨੇ ਕਰੀਬ 10 ਹਾਈਵੇਜ਼ ਡਕੈਤੀਆਂ ਕੀਤੀਆਂ ਅਤੇ ਕਰੀਬ 50 ਲੱਖ ਰੁਪਏ ਲੁੱਟੇ। ਸਤੰਬਰ 2015 ਵਿਚ ਉਸ ਨੇ ਕੰਦਲੀ, ਸੋਨੀਪਤ ਦੀ ਮਾਰਕੀਟ ਦੀ ਭੀੜ ਵਿਚ ਪਿਓ-ਪੁੱਤਰ ਨੂੰ ਗੋਲੀ ਮਾਰੀ ਤੇਜਨਵਰੀ 2018 ਵਿਚ ਆਪਣੇ ਗਰੁੱਪ ਨਾਲ ਉਸ ਨੇ ਰਾਜਗੜ੍ਹ(ਚੁਰੂ, ਰਾਜਸਥਾਨ) ਦੇ ਜੂਨੀਅਰ ਮੈਜਿਸਟਰੇਟ ਦੀ ਅਦਾਲਤ ਵਿਚ 2 ਬੰਦਿਆਂ ਨੂੰ ਗੋਲੀ ਮਾਰ ਦਿੱਤੀ ਸੀ। ਜੂਨ 2018 ਵਿੱਚ ਜੌਰਡਨ ਨਾਂਅ ਦੇ ਆਦਮੀ ਨੂੰ ਹਨੂੰਮਾਨਗੜ੍ਹ (ਰਾਜਸਥਾਨ) ਦੇ ਜਿੰਮ ਵਿੱਚ ਮਾਰ ਦਿਤਾ ਸੀ। ਇਸ ਗੈਂਗ ਦੇ ਸ਼ੋਸ਼ਲ ਮੀਡੀਆ ਅਕਾਊਂਟ ਇਨ੍ਹਾਂ ਦੇ ਕੈਨੇਡਾ ਦੇ ਪੁਰਾਣੇ ਸਾਥੀ ਵੱਲੋਂ ਚਲਾਏ ਜਾਂਦੇ ਹਨ। ਮੁੱਢਲੀ ਜਾਂਚ ਤੋਂਪਤਾ ਲੱਗਾ ਕਿ ਇਨ੍ਹਾਂ ਦੇ ਕੁਝ ਸਾਥੀ ਜਾਅਲੀ ਪਾਸ-ਪੋਰਟਾਂ ਤੇ ਦਸਤਾਵੇਜਾਂ ਨਾਲ ਦੇਸ਼ ਤੋਂ ਬਾਹਰ ਚਲੇ ਗਏ ਹਨ। ਅੱਗੋਂ ਪਤਾ ਲਾਇਆ ਜਾ ਰਿਹਾ ਹੈ ਕਿ ਕਤਲ ਕੇਸਾਂ ਦੇਵਾਸਤੇ ਸੁਪਾਰੀ ਲਈ ਗਈ ਸੀ ਜਾਂ ਵਿਰੋਧੀ ਗਰੁੱਪਾਂ ਦੀ ਆਪਸੀ ਦੁਸ਼ਮਣੀ ਸੀ। ਮਿਲੀ ਜਾਣਕਾਰੀ ਤੋਂਪਤਾ ਲੱਗਾ ਹੈ ਕਿ ਉਕਤ ਮੁਲਜ਼ਮ ਕਤਲ ਕਰਨ ਤੇ ਗੋਲੀਆਂ ਦਾਗਣ ਵਿੱਚ ਮਾਣ ਮਹਿਸੂਸ ਕਰਦਾ ਹੈ। ਜ਼ਿਲਾ ਰੋਪੜ ਦੇ ਪੁਲਸ ਮੁਖੀ ਸਵਪਨ ਸ਼ਰਮਾ ਨੇ ਦੱਸਿਆ ਕਿ ਅਕਸ਼ੇ ਪੁਰਾਣੀ ਰੰਜਿਸ਼ ਦੇ ਕਾਰਨ ਸੋਨੀਪਤ ਦੇ ਇੱਕ ਹੋਰ ਵਿਅਕਤੀ ਨੂੰ ਮਾਰਨ ਦੀ ਯੋਜਨਾ ਘੜ ਰਿਹਾ ਸੀ ਤੇ ਰੋਪੜ ਜ਼ਿਲ੍ਹੇ ਦੇ ਨੂਰਪੁਰ ਬੇਦੀ ਖੇਤਰ ਵਿੱਚ ਹਥਿਆਰਾਂ ਤੇ ਹੋਰ ਮਦਦ ਲਈ ਗਿਆ। ਉਸ ਕੋਲੋਂ 32 ਬੋਰ ਦੇ 3 ਪਿਸਤੌਲ ਅਤੇ ਗੋਲੀ ਸਿੱਕਾ ਮਿਲਿਆ ਹੈ।'

ਪਿਛਲੇ 10 ਮਹੀਨਿਆਂ ਵਿੱਚ ਰੋਪੜਪੁਲਿਸ ਨੇ 9 ਗੈਂਗਸਟਰ ਫੜੇ ਹਨ, ਇਨ੍ਹਾਂ ਵਿਚ ਖਾਸ ਏਰੀਏ ਦੇ ਗੈਂਗਸਟਰ ਅਤੇ ਖੰਨਾ, ਫਤਿਹਗੜ੍ਹ ਸਾਹਿਬ, ਤਰਨ ਤਾਰਨ ਤੇ ਨੰਦੇੜ੍ਹ (ਮਹਾਰਾਸ਼ਟਰ) ਦੇ ਸ਼ਾਰਪ ਸ਼ੂਟਰ ਵੀ ਸ਼ਾਮਲ ਦੱਸੇ ਗਏ ਹਨ।

# ਪਾਕਿਸਤਾਨ ਦਾ ਸਾਬਕਾ ਰਾਸ਼ਟਰਪਤੀ ਜ਼ਰਦਾਰੀ ਫਰਜ਼ੀ ਬੈਂਕ ਖਾਤਾ ਕੇਸ 'ਚ ਗ੍ਰਿਫਤਾਰ

ਇਸਲਾਮਾਬਾਦ, 10 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਦੀ ਸਭ ਤੋਂ ਵੱਡੀ ਭ੍ਰਿਸ਼ਟਾਚਾਰ ਰੋਕੂ ਸੰਸਥਾ ਨੇ ਜਾਅਲੀ ਬੈਂਕ ਖਾਤਾ ਕੇਸ ਵਿਚ ਦੇਸ਼ ਦੇ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਅੱਜ ਸੋਮਵਾਰ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਤੋਂ ਅਗਲੀ ਜਾਣਕਾਰੀ ਅਧਿਕਾਰੀਆਂ ਨੇ ਨਹੀਂ ਦਿੱਤੀ।

ਪਤਾ ਲੱਗਾ ਹੈ ਕਿ ਇਸਲਾਮਾਬਾਦ ਹਾਈ ਕੋਰਟ ਨੇ ਆਸਿਫ ਅਲੀ ਜ਼ਰਦਾਰੀ ਤੇ ਉਨ੍ਹਾਂ ਦੀ ਭੈਣ ਫਰਯਾਲ ਤਾਲਪੁਰ ਦੀ ਅਗੇਤੀ ਜ਼ਮਾਨਤ ਦਾ ਸਮਾਂ ਵਧਾਉਣ ਦੀ ਅਰਜ਼ੀ ਰੱਦ ਕਰ ਦਿੱਤੀ ਤਾਂ ਨੈਸ਼ਨਲ ਅਕਾਊਂਟੇਬਿਲਟੀ ਬਿਊਰੋ (ਐੱਨ ਏ ਬੀ) ਦੀਇਕ ਟੀਮ, ਜਿਸ ਵਿਚ ਮਹਿਲਾ ਪੁਲਸ ਮੁਲਾਜ਼ਮ ਵੀ ਸਨ, ਇਸ ਤੋਂ ਕੁਝ ਸਮਾਂ ਬਾਅਦ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਸਹਿ-ਪ੍ਰਧਾਨ ਆਸਿਫ ਅਲੀ ਜ਼ਰਦਾਰੀ ਦੇ ਐੱਫ-8 ਸੈਕਟਰ ਵਾਲੇ ਘਰ ਪਹੁੰਚੀ ਅਤੇ ਗ੍ਰਿਫਤਾਰ ਕਰ ਲਿਆ, ਪਰ ਜ਼ਰਦਾਰੀ ਦੀ ਭੈਣ ਫਰਯਾਲ ਨੂੰ ਹਾਲੇ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ। ਜਾਅਲੀ ਬੈਂਕ ਖਾਤਾ ਕੇਸ ਦੀ ਜਾਂਚ ਕਰ ਰਹੇ ਐੱਨ ਏ ਬੀ ਨੇ ਐਤਵਾਰ ਨੂੰ ਦੋਵਾਂ ਦਾ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਸੀ।

ਇਸਲਾਮਾਬਾਦ ਹਾਈ ਕੋਰਟ ਨੇ ਜ਼ਰਦਾਰੀ ਤੇ ਉਨ੍ਹਾਂ ਦੀ ਭੈਣ ਫਰਯਾਲ ਤਾਲਪੁਰ ਦੀ ਜ਼ਮਾਨਤ ਦਾ ਸਮਾਂ ਵਧਾਉਣ ਦੀ ਅਰਜ਼ੀ ਰੱਦ ਕਰ ਦੇਣ ਦੇ ਬਾਅਦ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਸੀ। ਇਸ ਮਗਰੋਂ ਸਾਬਕਾ ਰਾਸ਼ਟਰਪਤੀ ਖ਼ਿਲਾਫ਼ ਇਹ ਕਾਰਵਾਈ ਕੀਤੀ ਗਈ ਹੈ, ਪਰ ਉਨ੍ਹਾਂ ਦੀ ਭੈਣ ਨੂੰ ਹਾਲੇ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ।ਜਾਅਲੀ ਬੈਂਕ ਖਾਤਾ ਕੇਸ ਦੀ ਜਾਂਚ ਐੱਨ ਏ ਬੀ ਦੇ ਕੋਲ ਹੈ। ਇਹ ਮਾਮਲਾ ਜਾਅਲੀ ਬੈਂਕ ਖਾਤੇ ਵਿਚ ਪੈਸਾ ਰੱਖਣ ਤੇ ਉਸ ਨੂੰ ਦੇਸ਼ਤੋਂ ਬਾਹਰ ਭੇਜਣ ਨਾਲ ਸਬੰਧਤ ਦੱਸਿਆ ਜਾਂਦਾ ਹੈ। ਐੱਨ ਏਬੀ ਅਧਿਕਾਰੀਆਂ ਮੁਤਾਬਕ ਦੋਵਾਂ ਨੇ ਜਾਅਲੀ ਖਾਤੇ ਤੋਂ 15 ਕਰੋੜ ਰੁਪਏ ਦਾ ਲੈਣ-ਦੇਣ ਕੀਤਾਸੀ। ਸਾਬਕਾ ਰਾਸ਼ਟਰਪਤੀ ਜ਼ਰਦਾਰੀ ਦੇ ਖ਼ਿਲਾਫ਼ ਇਹ ਕੇਸ ਸੁਪਰੀਮ ਕੋਰਟ ਦੇ ਮਨੀ ਲਾਂਡਰਿੰਗਵਿਰੁੱਧ ਦਿੱਤੇ ਗਏ ਆਦੇਸ਼ ਉੱਤੇ ਐੱਨ ਏਬੀ ਨੂੰ ਸੌਂਪੀ ਗਈ ਜਾਂਚ ਦਾ ਹਿੱਸਾ ਹੈ। ਸੁਪਰੀਮ ਕੋਰਟ ਨੇ ਜਾਅਲੀ ਖਾਤੇ ਦੇ ਰਾਹੀਂ ਅਰਬਾਂ ਰੁਪਏ ਦੀ ਮਨੀ ਲਾਂਡਰਿੰਗ ਦੀ ਜਾਂਚ ਦਾ ਆਦੇਸ਼ ਦਿੱਤਾ ਸੀ।

ਇਸ ਦੌਰਾਨ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐੱਮ ਐੱਲ ਐੱਨ) ਦੇ ਪ੍ਰਧਾਨ ਤੇ ਨੈਸ਼ਨਲ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਨੇਤਾ ਸ਼ਾਹਬਾਜ਼ ਸ਼ਰੀਫ, ਜਿਹੜੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਭਰਾ ਹਨ, ਨੇ ਅੱਜ ਸੋਮਵਾਰ ਨੂੰ ਗ੍ਰਿਫਤਾਰ ਕੀਤੇ ਗਏ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਜ਼ਰਦਾਰੀ ਹਰ ਮੌਕੇ ਉੱਤੇਐੱਨ ਏ ਬੀ ਦੇ ਕੋਲਹਾਜ਼ਰ ਹੁੰਦੇ ਰਹੇ ਸਨ ਅਤੇ ਉਨ੍ਹਾਂ ਨੂੰ ਤੁਰੰਤ ਗ੍ਰਿਫਤਾਰ ਕੀਤੇ ਜਾਣ ਦੀ ਕੋਈ ਜ਼ਰੂਰਤ ਨਹੀਂ ਸੀ।

# ਪੰਜਾਬ ਵਿੱਚ ਕਈ ਥਾਂ ਗਰਮੀ ਦੀ ਸਿਖਰ, ਬਠਿੰਡਾ ਤੇ ਫਿਰੋਜ਼ਪੁਰ ਦਾ ਪਾਰਾ 47 ਡਿਗਰੀ



ਲੁਧਿਆਣਾ, 10 ਜੂਨ, (ਪੋਸਟ ਬਿਊਰੋ)- ਪੰਜਾਬ ਵਿਚ ਸੋਮਵਾਰ ਨੂੰ ਗਰਮੀ ਨੇ ਆਪਣਾ ਕਹਿਰ ਦਿਖਾਇਆ ਅਤੇ ਕਈ ਸ਼ਹਿਰ ਸਾਰਾ ਦਿਨ ਭਰ ਤੰਦੂਰ ਵਾਂਗ ਤਪਦੇ ਰਹੇ। ਦਿਨ ਚੜ੍ਹਦਿਆਂ ਹੀ ਸੂਰਜ ਨੇ ਏਨੀ ਤਿੱਖੀ ਅੱਗ ਉਗਲੀ ਕਿ ਦੁਪਹਿਰ ਤਕ ਪੰਜਾਬ ਦੇ ਕਈ ਸ਼ਹਿਰਾਂਦਾ ਤਾਪਮਾਨ 47 ਡਿਗਰੀ ਨੇੜੇ ਪੁੱਜ ਗਿਆ। ਗਰਮ ਹਵਾਵਾਂ ਦੇ ਧੱਕਿਆਂ ਨੇ ਲੋਕਾਂ ਨੂੰ ਸਾਰਾ ਦਿਨ ਬੇਚੈਨ ਕਰੀ ਰੱਖਿਆ ਅਤੇ ਸ਼ਾਮ ਹੋਣ ਤੱਕ ਮੰਦਾ ਹਾਲ ਜਾਰੀ ਰਿਹਾ।

ਭਾਰਤੀ ਮੌਸਮ ਵਿਭਾਗ ਦੇ ਚੰਡੀਗੜ੍ਹ ਕੇਂਦਰ ਦੇ ਅਨੁਸਾਰ ਅੱਜ ਪੰਜਾਬ ਵਿੱਚ ਬਠਿੰਡਾ ਤੇ ਫਿਰੋਜ਼ਪੁਰ ਸਭ ਤੋਂ ਵੱਧ ਗਰਮ ਇਲਾਕੇ ਰਹੇ। ਬਠਿੰਡਾ ਤੇ ਫਿਰੋਜ਼ਪੁਰ ਦਾ ਤਾਪਮਾਨ 46.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਪਟਿਆਲੇ ਦਾ ਤਾਪਮਾਨ 45.8 ਡਿਗਰੀ, ਲੁਧਿਆਣੇ ਦਾ 45.5 ਡਿਗਰੀ, ਅੰਮ੍ਰਿਤਸਰ ਦਾ 45.2 ਡਿਗਰੀ ਤੇ ਜਲੰਧਰ ਦਾ ਤਾਪਮਾਨ 44.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



"Quality is our strength."

SKYDOME GROUP OF COMPANIES



WE DEAL WITH ALL INSURANCE COMPANIES

Body Centre
Specializing In:
- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh- Lic. Auto Body Technician/Lic. Mec.

MINISTRY APPROVED SALVAGE INSPECTION STATION

Daljit Singh
President

308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878

WE SELL QUALITY USED CARS

Satnam Singh Lic. Auto Body Technician

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca



Paramjit Deol CELL: 416-993-7378
Broker 7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated

Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

TORONTO $2,150
50 Bruyeres Mews 901: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

MISSISAUGA $99,900
1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

St. Catharine $199,999
73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

BRAMPTON $229,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

BRAMPTON $75,000
Photo Not Available
135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

MISSISSAUGA $169,900
Photo Not Available
7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

TORONTO $289,000
Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

BURLINGTON $299,000
701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

BRAMPTON $789,800
Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

BRAMPTON $330,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000
315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

CALEDON $399,000
Photo Not Available
12612 HIGHWAY 50: Sale Of Business Without Property Bakery
Please call 905-405-8484

BRANTFORD $499,000
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $629,000
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019



ਹੰਬਰ ਵੁੱਡ ਸੀਨੀਅਰ ਕਲੱਬ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।। ਇਸ ਮੌਕੇ ਕਲੱਬ ਦੇ ਪ੍ਰਧਾਨ ਜੋਗਿੰਦਰ ਸਿੰਘ ਧਾਲੀਵਾਲ, ਚੇਅਰਮੈਨ ਬਚਿੱਤਰ ਸਿੰਘ ਰਾਏ, ਮੀਤ ਪ੍ਰਧਾਨ ਸਰਵਨ ਸਿੰਘ ਹੇਅਰ, ਪ੍ਰੀਤਮ ਸਿੰਘ ਮਾਵੀ, ਸੰਪੂਰਨ ਸਿੰਘ ਸ਼ਾਹੀ, ਅਮਰ ਸਿੰਘ, ਹੁਸ਼ਿਆਰ ਸਿੰਘ ਬਰਾੜ, ਜੋਗਿੰਦਰ ਸਿੰਘ ਚੌਹਾਨ ਅਤੇ ਕਲੱਬ ਦੇ ਹੋਰ ਮੈਂਬਰਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ ਅਤੇ ਪ੍ਰਸਾਦ ਵਰਤਾਇਆ ਗਿਆ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ।

## ਪ੍ਰਫੈਕਟ ਮਿਸਟਰ ਪੰਜਾਬ ਅਤੇ ਪ੍ਰਫੈਕਟ ਮਿਸ ਪੰਜਾਬ 2019 ਦੀ ਚੋਣ

# ਗੁਰਲਾਲ ਸਿੰਘ ਤੇ ਜਸਮਹਿਕ ਕੌਰ ਮੋਹੀ ਦੇ ਸਿਰ ਸਜੇ ਤਾਜ



ਲੁਧਿਆਣਾ, 10 ਜੂਨ (ਗਿਆਨ ਸਿੰਘ): ਲੁਧਿਆਣਾ ਵਿਖੇ ਪ੍ਰਫੈਕਟ ਕ੍ਰੀਏਸ਼ਨ ਵਲੋਂ ਪ੍ਰਫੈਕਟ ਮਿਸਟਰ ਪੰਜਾਬ ਅਤੇ ਪ੍ਰੌਫੈਕਟ ਮਿਸ ਪੰਜਾਬ 2019 ਦੀ ਚੋਣ ਕਰਨ ਲਈ ਸ਼ਾਨਦਾਰ ਸਮਾਗਮ ਵਿਚ ਪੰਜਾਬ ਭਰ ਤੋਂ 24 ਲੜਕੇ ਤੇ ਲੜਕੀਆਂ ਨੇ ਹਿੱਸਾ ਲਿਆ। ਪ੍ਰਫੈਕਟ ਮਿਸਟਰ ਪੰਜਾਬ ਦਾ ਗੁਰਲਾਲ ਸਿੰਘ ਅੰਮ੍ਰਿਤਸਰ ਤੇ ਪ੍ਰਫੈਕਟ ਮਿਸ ਪੰਜਾਬ-2019 ਦਾ ਖਿਤਾਬ ਜਸਮਹਿਕ ਕੌਰ ਮੋਹੀ ਮੁੱਲਾਂਪੁਰ ਨੇ ਜਿੱਤਿਆ। ਸ਼ੋਅ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ ਯੂਥ ਅਕਾਲੀ ਦਲ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਗੁਰਦੀਪ ਸਿੰਘ ਗੋਸ਼ਾ ਅਤੇ ਡਾਕਟਰ ਸੁਮਿਤਾ ਸੋਫ਼ਤ ਨੇ ਜੇਤੂ ਪ੍ਰਫੈਕਟ ਮਿਸਟਰ ਐਂਡ ਮਿਸ ਪੰਜਾਬ 2019 ਨੂੰ ਤਾਜ ਤੇ ਸੋਨ ਤਮਗੇ ਨਾਲ ਸਨਮਾਨਿਤ ਕੀਤਾ। ਪਹਿਲਾ ਉਪ ਜੇਤੂ ਲੜਕਾ ਸਹਿਜਬੀਰ ਸਿੰਘ ਚੰਡੀਗੜ੍ਹ ਤੇ ਦੂਸਰਾ ਉਪ ਜੇਤੂ ਸ਼ੇਰੀ ਜਲੰਧਰ ਅਤੇ ਲੜਕੀਆਂ ਵਿਚੋਂ ਪਹਿਲੀ ਉਪ ਜੇਤੂ ਹਰਮੀਤ ਕੌਰ ਸੁਧਾਰ ਤੇ ਦੂਸਰੀ ਉਪ ਜੇਤੂ ਜਾਨਵੀ ਪੱਟੀ ਬਣੀ। ਸ਼ੋਅ ਦੀ ਮੁੱਖ ਪ੍ਰਬੰਧਕ ਚਾਂਦਨੀ ਕੋਹਲ ਨੇ ਦੱਸਿਆ ਕਿ ਉਨ੍ਹਾਂ ਵਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਆਡੀਸ਼ਨ ਕੀਤੇ ਗਏ, ਜਿਨ੍ਹਾਂ ਵਿਚ 250 ਦੇ ਕਰੀਬ ਲੜਕੇ ਅਤੇ ਲੜਕੀਆਂ ਨੇ ਹਿੱਸਾ ਲਿਆ ਤੇ ਜੱਜਾਂ ਵਲੋਂ ਲਏ ਗਏ ਨਿਰਣੇ ਉਪਰੰਤ 24 ਲੜਕੇ ਅਤੇ ਲੜਕੀਆਂ ਫਾਈਨਲ ਰਾਊਂਡ ਵਿਚ ਆਏ । ਸ਼ੋਅ ਦੀ ਸ਼ੁਰੂਆਤ ਗੱਤਕਾ ਮੁਕਾਬਲਾ ਕਰਵਾ ਕੇ ਕੀਤੀ ਗਈ। ਮੁਕਾਬਲੇ ਲਈ ਲੜਕੇ ਅਤੇ ਲੜਕੀਆਂ ਦੇ ਪੰਜ ਗੇੜ ਹੋਏ ਜਿਨ੍ਹਾਂ ਵਿਚ ਪ੍ਰਸ਼ਨ ਉਤਰ, ਡਾਂਸ, ਪੱਛਮੀ ਦਿਖ, ਪੰਜਾਬੀ ਸੂਟ ਅਤੇ ਵਿਆਹ ਦਿਖ ਗੇੜ ਸ਼ਾਮਿਲ ਸਨ। ਸ਼ੋਅ ਵਿਚ ਜੱਜ ਦੀ ਭੂਮਿਕਾ ਮਿਸਜ਼ ਬਲਜੀਤ ਸ਼ਰਮਾ (ਮਿਸ ਇੰਡੀਆ ਯੂਨੀਵਰਸ), ਰਾਜ ਅਰੋੜਾ (ਮਾਡਲ ਤੇ ਐਕਟਰ), ਜਸਸਿਮਰਨ ਕੌਰ (ਪੰਜਾਬੀ ਸਿੰਗਰ), ਸੁਰਿੰਦਰ ਲਾਡੀ (ਪੰਜਾਬੀ ਸਿੰਗਰ), ਅਮਰ ਸੰਧੂ (ਪੰਜਾਬੀ ਸਿੰਗਰ), ਪਾਰਥ (ਪੰਜਾਬੀ ਰੈਪ ਸਿੰਗਰ), ਚਾਂਦਨੀ ਕੋਹਲ (ਮਾਡਲ), ਪ੍ਰਦੀਪ ਅੱਪੂ (ਫਿਟਨੈਸ ਟਰੇਨਰ), ਮੁਨੀਸ਼ ਕੁਮਾਰ (ਮਿਸਟਰ ਵਰਲਡ), ਰਾਜਨ ਜੱਗੀ (ਮੇਕਅਪ ਐਕਸਪਰਟ), ਅਰਚਨਾ ਬਾਂਸਲ (ਮੇਕਅਪ ਆਰਟਿਸਟ), ਨਵੀਨ ਗੁਲਾਟੀ ਵਲੋਂ ਨਿਭਾਈ ਗਈ। ਸ਼ੋਅ ਦੇ ਡਾਇਰੈਕਟਰ ਗੁਰਵਿੰਦਰ ਦੁਸਾਂਝ ਨੇ ਦੱਸਿਆ ਕਿ ਇਹ ਸ਼ੋਅ ਹਰ ਸਾਲ ਕਰਾਇਆ ਜਾਵੇਗਾ, ਤਾਂ ਜੋ ਹੋਣਹਾਰ ਲੜਕੇ ਅਤੇ ਲੜਕੀਆਂ ਨੂੰ ਇਕ ਚੰਗਾ ਪਲੇਟਫਾਰਮ ਮਿਲ ਸਕੇ ਤੇ ਉਹ ਭਵਿੱਖ ਵਿਚ ਆਪਣੇ ਜ਼ਿਲ੍ਹੇ ਤੇ ਸੂਬੇ ਦਾ ਨਾਮ ਰੌਸ਼ਨ ਕਰ ਸਕਣ। ਇਸ ਮੌਕੇ ਵਰਿੰਦਰਪਾਲ ਸਿੰਘ ਚਾਵਲਾ, ਗੁਰਪ੍ਰੀਤ ਸਿੰਘ ਚਾਵਲਾ, ਜਸਕਿਰਨ ਕੌਰ, ਅਮਰ ਸੰਧੂ, ਗੁਰਿੰਦਰ ਲਾਡੀ, ਪਾਰਥ ਸਾਰਥੀ, ਪ੍ਰੀਤ ਸਿਆਨ, ਹੈਪੀ ਲੌਂਗੀਆ, ਸੋਨੀ ਕਿਰੀਓ ਅਤੇ ਜੇਸ਼ਦੀਪ ਵਲੋਂ ਆਪਣੀ ਕਲਾਕਾਰੀ ਦਾ ਹੁਨਰ ਦਿਖਾ ਕੇ ਖੂਬ ਰੰਗ ਬੰਨ੍ਹਿਆ। ਇਸ ਮੌਕੇ ਡਾ. ਪ੍ਰਸ਼ਾਂਤ ਜੈਰਿਥ, ਕਮਲ ਕੁਮਾਰ ਭੁੰਦਲਾ, ਬਲਜਿੰਦਰ ਸਿੰਘ, ਗੁਰਵਿੰਦਰ ਦੁਸਾਂਝ, ਮੁਨੀਸ਼ ਕੁਮਾਰ, ਇਸ਼ਾ ਚਿੱਬ, ਅਰਚਨਾ ਬਾਂਸਲ, ਪਲਵਿੰਦਰ ਸਿੰਘ, ਸਮਾਇਲ, ਦੀਪਕ ਕੁਮਾਰ, ਡੀ.ਜੇ ਰਿਕਸ, ਨਵੀਨ ਗੁਲਾਟੀ, ਸੁਨੀਲ ਬੇਦੀ, ਪ੍ਰਿਤਪਾਲ ਸਿੰਘ ਚਾਵਲਾ, ਅਮਨ ਕਲਸੀ, ਰਾਜਨ ਜੱਗੀ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ 'ਡੈਪੋ' ਅਤੇ 'ਬੱਡੀ' ਪ੍ਰੋਗਰਾਮਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

ਲੁਧਿਆਣਾ, 10 ਜੂਨ (000)- ਪੰਜਾਬ ਸਰਕਾਰ ਵੱਲੋ ਸੂਬੇ ਵਿੱਚੋਂ ਹਰ ਤਰ੍ਹਾਂ ਦੇ ਨਸ਼ੇ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸ਼ੁਰੂ ਕੀਤੇ ਗਏ 'ਡੈਪੋ' ਅਤੇ 'ਬੱਡੀ' ਪ੍ਰੋਗਾਰਾਮ ਦੀ ਮੌਜੂਦਾ ਸਥਿਤੀ ਦਾ ਰਿਵਿਊ ਕਰਨ ਲਈ ਡਿਪਟੀ ਕਮਿਸ਼ਨਰ ਵੱਲੋਂ ਸਬੰਧਤ ਸਮੂਹ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਹਦਾਇਤ ਕੀਤੀ ਗਈ ਇਨ੍ਹਾਂ ਪ੍ਰੋਗਰਾਮਾਂ ਨੂੰ ਅਸਰਦ-ਾਇਕ ਤਰੀਕੇ ਨਾਲ ਅੰਜ਼ਾਮ ਤੱਕ ਪਹੁੰਚਾਉਣ ਲਈ 7 ਦਿਨਾਂ ਦੇ ਅੰਦਰ ਢਾਂਚਾਗਤ ਉਪਰਾਲੇ ਕੀਤੇ ਜਾਣ ਤਾਂ ਜੋ ਇਨ੍ਹਾਂ ਪ੍ਰੋਗਰਾਮਾਂ ਦੇ ਇੱਛੁਕ ਨਤੀਜੇ ਪ੍ਰਾਪਤ ਕੀਤੇ ਜਾ ਸਕਣ। ਇਸੇ ਤਰ੍ਹਾਂ ਫੈਸਲਾ ਕੀਤਾ ਗਿਆ ਕਿ ਜ਼ਿਲ੍ਹਾ ਲੁਧਿਆਣਾ ਦੇ ਹਰੇਕ ਥਾਣਾ ਪੱਧਰ 'ਤੇ 26 ਜੂਨ ਤੱਕ 5-5 ਪਿੰਡਾਂ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ। ਇਸ ਲਈ ਥਾਣਾ ਮੁਖੀ ਨਿੱਜੀ ਰੁਚੀ ਲੈ ਕੇ




ਯਤਨ ਕਰਨਗੇ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਅਗਰਵਾਲ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਡੈਪੋ ਅਤੇ ਬੱਡੀ ਪ੍ਰੋਗਰਾਮ ਦੇ ਕੀਤੇ ਗਏ ਢਾਂਚਾਗਤ ਵਿਸਥਾਰ ਨੂੰ ਰਿਵਿਊ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਸਮੂਹ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਉਹ ਸਬੰਧਤ ਥਾਣਾ ਮੁਖੀਆਂ ਨੂੰ ਨਾਲ ਲੈ ਕੇ ਉਨ੍ਹਾਂ ਖੇਤਰਾਂ ਜਾਂ ਪਿੰਡਾਂ ਦੀ ਪਹਿਚਾਣ ਕਰਨ ਜਿੱਥੇ ਹਾਲੇ ਵੀ ਨਸ਼ੇ ਦੀ ਬੁਰਾਈ ਦਾ ਬੋਲਬਾਲਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਰੋਕੂ ਨਿਗਰਾਨ ਕਮੇਟੀਆਂ ਅਤੇ ਕਲੱਸਟਰ ਪੱਧਰ 'ਤੇ ਕੁਆਰਡੀਨੇਟਰਾਂ ਅਤੇ ਨਵੀਆਂ ਚੁਣੀਆਂ ਪੰਚਾਇਤਾਂ ਨੂੰ ਨਾਲ ਲੈ ਕੇ ਪ੍ਰਭਾਵਿਤ ਖੇਤਰਾਂ ਵਿੱਚੋਂ ਨਸ਼ੇ ਨਾਲ ਸਬੰਧਤ ਹਰ ਤਰ੍ਹਾਂ ਦੀ ਗਤੀਵਿਧੀ ਨੂੰ ਖਤਮ ਕਰਨ ਲਈ ਜ਼ਮੀਨੀ ਪੱਧਰ 'ਤੇ ਉਪਰਾਲੇ ਕੀਤੇ ਜਾਣ।

ਅਗਰਵਾਲ ਨੇ ਕਿਹਾ ਪੰਜਾਬ ਸਰਕਾਰ ਵੱਲੋਂ 12 ਜੂਨ ਤੋਂ 26 ਜੂਨ ਤੱਕ ਵਿਸ਼ੇਸ਼ ਪੰਦਰਵਾੜਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਵਰਕਸ਼ਾਪਾਂ, ਸੈਮੀਨਾਰਾਂ, ਰੈਲੀਆਂ ਅਤੇ ਹੋਰ ਮਾਧਿਅਮਾਂ ਰਾਹੀਂ ਜਾਗਰੂਕ ਕੀਤਾ ਜਾਵੇਗਾ।ਉਨ੍ਹਾਂ ਸਮੂਹ ਐੱਸ. ਡੀ. ਐੱਮਜ਼ ਨੂੰ ਹਦਾਇਤ ਕੀਤੀ ਕਿ ਉਹ ਸਬੰਧਤ ਡੀ.ਐਸ.ਪੀ./ਏ.ਸੀ.ਪੀ. ਨੂੰ ਨਾਲ ਲੈ ਕੇ ਪਹਿਲਾਂ ਰਜਿਸਟਰਡ ਹੋਏ ਡੈਪੋਜ਼ ਨੂੰ ਮੁੜ ਸਰਗਰਮ ਕਰਨ ਅਤੇ ਵੱਧ ਤੋਂ ਵੱਧ ਨਵੇਂ ਡੈਪੋ ਭਰਤੀ ਕਰਨ।ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਬੁਰਾਈ ਨੂੰ ਖ਼ਤਮ ਕਰਨ ਵਿੱਚ ਵਰਤੀ ਜਾਂਦੀ ਢਿੱਲਮੱਠ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਨਸ਼ਿਆਂ ਦੀ ਰੋਕਥਾਮ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਰੋਜ਼ਾਨਾ ਰਿਪੋਰਟ ਭੇਜਣ ਲਈ ਕਿਹਾ ਗਿਆ ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


# ਬਰੈਂਪਟਨ ਸੀਨੀਅਰ ਵੁਮੈਨ ਕਲੱਬ ਨੇ ਸੀਨੀਅਰ ਡੇਅ ਮਨਾਇਆ



ਬਰੈਂਪਟਨ-ਮਿਤੀ 7 ਜੂਨ 2019 ਨੂੰ ਸ਼ੌਕਰ ਸੇਂਟਰ ਬਰੈਂਪਟਨ ਵਿਖੇ ਵੁਮੈਨ ਸੀਨੀਅਰ ਕਲੱਬ ਵੱਲੋਂ ਸੀਨੀਅਰ ਡੇਅ ਬੜੀ ਧੂਮਧਾਮ ਨਾਲ ਮਨਾਇਆ ਗਿਆ। ਕੁਲਦੀਪ ਕੌਰ ਗਰੇਵਾਲ ਕਲੱਬ ਪ੍ਰਧਾਨ, ਸ਼ਿੰਦਰਪਾਲ ਬਰਾੜ ਵਾਈਸ ਪ੍ਰਧਾਨ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਨਵੀਂਆਂ ਬਣੀਆਂ ਮੈਂਬਰਾਂ ਨਾਲ ਸਭ ਦੀ ਜਾਣ ਪਹਿਚਾਣ ਕਰਵਾਈ। ਇਸ ਦਿਲਚਸਪ ਪ੍ਰੋਗ੍ਰਾਮ ਦੀ ਸੁਰੂਆਤ ਫੈਸ਼ਨ ਸ਼ੋ ਨਾਲ ਕੀਤੀ ਗਈ ਜਿਸ ਵਿੱਚ ਸਭ ਬੀਬੀਆਂ ਨੇ ਬੜੇ ਉਤਸਾਹ ਪੂਰਵਕ ਹਿੱਸਾ ਲਿਆ। ਸ੍ਰੀਮਤੀ ਕੁਲਵੰਤ ਕੌਰ ਗਰੇਵਾਲ, ਸੀਮਤੀ ਹਰਦੀਪ ਹੈਲਨ ਅਤੇ ਗੁਰਮੀਤ ਕੌਰ ਰਾਏ ਨੇ ਜਜਮੈਂਟ ਕਰਨ ਦੀ ਜ਼ਿੰਮੇਵਾਰੀ ਨਿਭਾਈ ਜਿਸ ਅਨੁਸਾਰ ਪਹਿਲੇ, ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਸਥਾਨ 'ਤੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਇਸ ਉਪਰੰਤ ਸਨੈਕਸ ਆਦਿ ਦਾ ਦੌਰ ਚੱਲਿਆ ਜਿਸ ਦਾ ਸਭ ਨੇ ਬਹੁਤ ਅਨੰਦ ਮਾਣਿਆ। ਆਖੀਰ ਵਿੱਚ ਸ਼ਬਦ ਗਾਇਨ, ਗੀਤ ਅਤੇ ਬੋਲੀਆਂ ਆਦਿ ਨਾਲ ਭਰਪੂਰ ਮਨਪਰਚਾਵਾ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਮੈਂਬਰਾਂ ਦੇ ਸਹਿਯੋਗ ਲਈ ਸਭ ਦਾ ਧੰਨਵਾਦ ਕਰਦਿਆਂ ਪ੍ਰੋਗ੍ਰਾਮ ਦੀ ਸਮਾਪਤੀ ਕੀਤੀ ਗਈ ਅਤੇ ਇਸ ਤਰ੍ਹਾਂ ਦੇ ਹੋਰ ਦਿਲਚਸਪ ਪ੍ਰੋਗ੍ਰਾਮ ਕਰਨ ਦਾ ਵਾਦਾ ਕੀਤਾ ਗਿਆ। ਪ੍ਰੋਗ੍ਰਾਮ ਦੀ ਸਫਲਤਾ ਲਈ ਮੈਂਬਰਾਂ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਵਿਦਾ ਲਈ।

# ਨੈਸਲੇ ਲੇਬਰ ਠੇਕੇਦਾਰਾਂ ਅਤੇ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਇੰਟਕ ਦਰਮਿਆਨ ਹੋਇਆ ਸਮਝੋਤਾ

ਮੋਗਾ, 10 ਜੂਨ (ਗਿਆਨ ਸਿੰਘ): ਨੈਸਲੇ ਵਿੱਚ ਕੰਮ ਕਰਦੇ ਠੇਕਾ ਕਾਮਿਆਂ ਦੀਆਂ ਮੰਗਾਂ ਨੂੰ ਲੈ ਕੇ ਇੰਟਕ ਨਾਲ ਸਬੰਧਤ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਵੱਲੋਂ ਦਿੱਤੇ ਗਏ ਡਿਮਾਂਡ ਚਾਰਟਰ ਤੇ ਬੀਤੇ ਤਿੰਨ ਮਹੀਨਿਆ ਵਿੱਚ ਨੈਸਲੇ ਲੇਬਰ ਠੇਕੇਦਾਰਾਂ ਅਤੇ ਯੂਨੀਅਨ ਆਗੂਆਂ ਦਰਮਿਆਨ ਅਨੇਕਾਂ ਦੋਰ ਦੀ ਆਪਸੀ ਗੱਲਬਾਤ ਉਪਰੰਤ ਅੱਜ ਹੋਏ ਸਮਝੋਤਾ ਤੇ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੈ ਧੀਰ ਐਡਵੋਕੇਟ ਅਤੇ ਪ੍ਰਦੇਸ਼ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ ਦੀ ਹਾਜਰੀ ਵਿੱਚ ਨੈਸਲੇ ਠੇਕੇਦਾਰ ਅਤੇ ਯੂਨੀਅਨ ਪ੍ਰਧਾਨ ਨਰਿੰਦਰ ਸਿੰਘ ਬਲਖੰਡੀ ਸਮੇਤ ਸਮੂਚੀ ਕਮੇਟੀ ਦੇ ਮੈਂਬਰਾਂ ਨੇ ਦਸਤਖਤ ਕੀਤੇ। ਇਸ ਮੌਕੇ ਪ੍ਰਦੇਸ਼ ਯੂਥ ਇੰਟਕ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ, ਮਿਊਂਸੀਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ ਅਤੇ ਜ਼ਿਲ੍ਹਾ ਇੰਟਕ ਸਲਾਹਕਾਰ ਅਨਿਲ ਜਾਦਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਪ੍ਰਧਾਨ ਨਰਿੰਦਰ ਸਿੰਘ ਨੇ ਕਿਹਾ ਕਿ ਜਿਹੜਾ



ਨੈਗੋਸਿਏਸ਼ਨ ਅੱਜ ਸਿਰੇ ਚੜਿਆ ਹੈ ਇਹ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੈ ਧੀਰ ਐਡਵੋਕੇਟ ਅਤੇ ਪ੍ਰਦੇਸ਼ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ ਦੀ ਅਣਥਕ ਮੇਹਨਤ ਦਾ ਨਤੀਜਾ ਹੈ ਅਤੇ ਇਸ ਦਾ ਸੇਹਰਾ ਜ਼ਿਲ੍ਹਾ ਇੰਟਕ ਨੂੰ ਜਾਂਦਾ ਹੈ। ਇਸ ਮੌਕੇ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੈ ਧੀਰ ਐਡਵੋਕੇਟ ਨੇ ਕਿਹਾ ਕਿ ਟੇਬਲ ਟਾਕ ਰਾਹੀਂ ਮਸਲਿਆਂ ਦਾ ਸਮਾਧਨ ਕਰਨਾ ਇੰਟਕ ਦੀ ਨੀਤੀ ਰਹੀ ਹੈ ਅਤੇ ਅੱਜ ਦੇ ਨੈਗੋਸਿਏਸ਼ਨ ਨਾਲ ਇੰਟਕ ਦੀ ਇਹ ਨੀਤੀ ਸਫਲ ਸਾਬਤ ਹੋਈ ਹੈ। ਧੀਰ ਨੇ ਕਿਹਾ ਕਿ ਐਜੀਟੇਸ਼ਨ ਆਖਰੀ ਹਥਿਆਰ ਹੁੰਦਾ ਹੈ। ਜਿਸ ਦੀ ਵਰਤੋਂ ਇੰਟਕ ਦੀ ਟੇਬਲ ਟਾਕ ਦੀ ਨੀਤੀ ਕਾਰਨ ਕਿਤੇ ਕਿਤੇ ਹੀ ਕਰਨੀ ਪੈਂਦੀ ਹੈ। ਧੀਰ ਨੇ ਕਿਹਾ ਕਿ ਇੰਟਕ ਹਮੇਸ਼ਾ ਨੈਸਲੇ ਫੈਕਟਰੀ ਦੀ ਚੜਦੀ ਕਲਾ ਦੀ ਖੈਰ ਮੰਗਦੀ ਹੈ। ਇਸੇ ਕਾਰਣ ਨੈਸਲੇ ਮੈਨੇਜਮੈਂਟ, ਨੈਸਲੇ ਲੇਬਰ ਠੇਕੇਦਾਰ ਅਤੇ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਦਰਮਿਆਨ ਸੁਖਾਵੇ ਤੇ ਮਧੁਰ ਸੰਬੰਧ ਕਾਇਮ ਰਹਿੰਦੇ ਹਨ। ਪ੍ਰਦੇਸ਼ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ ਨੇ ਇਹ ਅਹਿਮ ਨੈਗੋਸਿਏਸ਼ਨ ਸਿਰੇ ਚਾੜਣ ਵਿੱਚ ਦਿੱਤੇ ਗਏ ਸਹਿਯੋਗ ਲਈ ਨੈਸਲੇ ਮੈਨੇਜਮੈਂਟ, ਲੇਬਰ ਠੇਕੇਦਾਰਾਂ ਅਤੇ ਯੂਨੀਅਨ ਆਗੂਆਂ ਦਾ ਅਭਾਰ ਵਿਅਕਤ ਕੀਤਾ। ਸਮਝੋਤਾ ਸਿਰੇ ਚੜਣ ਦੀ ਖੁਸ਼ੀ ਸਾਂਝੀ ਕਰਦਿਆਂ ਲੇਬਰ ਠੇਕੇਦਾਰਾਂ ਅਤੇ ਯੂਨੀਅਨ ਆਗੂਆਂ ਨੇ ਲਡੂ ਵੰਡੇ ਅਤੇ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੈ ਧੀਰ ਐਡਵੋਕੇਟ ਅਤੇ ਪ੍ਰਦੇਸ਼ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ, ਮਦਨ ਲਾਲ ਬੋਹਤ ਅਤੇ ਅਨਿਲ ਜਾਦਾ ਦਾ ਮੂੰਹ ਮੀਠਾ ਕਰਾਇਆ। ਅੱਜ ਦੀ ਮੀਟਿੰਗ ਵਿੱਚ ਲੇਬਰ ਠੇਕੇਦਾਰ ਸੁਖਜਿੰਦਰ ਸਿੰਘ, ਨਰੇਸ਼ ਕੁਮਾਰ, ਪ੍ਰਤੀਨਿਧ ਵਿਨੋਦ ਕੁਮਾਰ ਅਤੇ ਪ੍ਰਿਤਪਾਲ ਸਿੰਘ ਤੋਂ ਇਲਾਵਾ ਯੂਨੀਅਨ ਪ੍ਰਧਾਨ ਨਰਿੰਦਰ ਸਿੰਘ, ਜਨਰਲ ਸਕੱਤਰ ਗੁਰਭੇਜ ਸਿੰਘ, ਕਮੇਟੀ ਮੈਂਬਰ ਅਮਰਜੀਤ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਬੰਟੀ, ਅੰਗਰੇਜ ਸਿੰਘ, ਰਜਿੰਦਰ ਕੁਮਾਰ ਹਾਜਰ ਸਨ।

# ਨਰੋਆ ਪੰਜਾਬ ਮੰਚ ਵੱਲੋਂ ਸੂਬਾ ਕਮੇਟੀ ਅਤੇ ਭਵਿੱਖੀ ਯੋਜ਼ਨਾਵਾਂ ਦਾ ਐਲਾਨ

## ਸੰਤ ਬਲਵੀਰ ਸਿੰਘ ਸੀਚੇਵਾਲ ਸਰਪ੍ਰਸਤ ਅਤੇ ਗੁਰਪ੍ਰੀਤ ਸਿੰਘ ਚੰਦਬਾਜਾ ਕਨਵੀਨਰ

ਜਲੰਧਰ, 10 ਮਈ (ਗਿਆਨ ਸਿੰਘ): ਪੰਜਾਬ ਦੇ ਦੂਸ਼ਿਤ ਹੋ ਰਹੇ ਦਰਿਆਈ ਪਾਣੀਆਂ ਅਤੇ ਖਤਮ ਹੋਣ ਦੇ ਕੰਢੇ ਪਹੁੰਚ ਚੁੱਕੇ ਧਰਤੀ ਹੇਠਲੇ ਪਾਣੀਆਂ ਨੂੰ ਬਚਾਉਣ ਲਈ ਪਿਛਲੇ ਕੁੱਝ ਸਮੇਂ ਤੋਂ ਹੋਂਦ ਵਿੱਚ ਆਏ ਨਰੋਆ ਪੰਜਾਬ ਮੰਚ ਨੇ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਹੋਈ ਪ੍ਰੈਸ ਕਾਨਫਰੰਸ ਵਿੱਚ ਆਪਣੀ ਸੂਬਾ ਕਮੇਟੀ ਅਤੇ ਭਵਿੱਖੀ ਯੋਜਨਾਵਾਂ ਦਾ ਐਲਾਨ ਕੀਤਾ । ਜਿਕਰਯੋਗ ਹੈ ਕਿ ਇਸ ਮੰਚ ਵੱਲੋਂ ਦੋ ਜੂਨ ਨੂੰ ਲੁਧਿਆਣਾ ਸ਼ਹਿਰ ਦੇ ਲਾਗੇ ਸਤਲੁਜ਼ ਦਰਿਆ ਕਿਨਾਰੇ ਪੈਂਦੇ ਪਿੰਡਾਂ ਕਾਸਾਬਾਦ, ਗੌਂਸਪੁਰ, ਵਲੀਪੁਰ ਕਲਾਂ ਅਤੇ ਮਾਣੀਏਵਾਲ ਵਿੱਚ ਰੋਸ/ਚੇਤਨਾ ਮਾਰਚ ਕੱਢ ਕੇ ਪੰਜਾਬ ਵਾਸੀਆਂ ਅਤੇ ਸਰਕਾਰ ਦਾ ਧਿਆਨ ਸਤਲੁਜ਼ ਦੇ ਅੰਮ੍ਰਿਤ ਵਰਗੇ ਪਾਣੀ ਵਿੱਚ ਰਲ ਰਹੇ ਲੁਧਿਆਣਾ ਸ਼ਹਿਰ ਦੇ ਸੀਵਰੇਜ਼ ਅਤੇ ਇੰਡਸਟਰੀ ਦੇ ਪ੍ਰਦੂਸ਼ਿਤ ਅਤੇ ਕੈਮੀਕਲ ਯੁਕਤ ਪਾਣੀ ਵੱਲ ਦਿਵਾਇਆ ਸੀ, ਜਿਸ ਨੂੰ ਦੇਖ ਕੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਲੋਕਾਂ ਅੰਦਰ ਸਰਕਾਰ ਅਤੇ ਪ੍ਰਦੂਸ਼ਨ ਕੰਟਰੋਲ ਬੋਰਡ ਵਿਰੁੱਧ ਨਾਰਾਜ਼ਗੀ ਅਤੇ ਗੁੱਸੇ ਦੀ ਲਹਿਰ ਪੈਦਾ ਹੋ ਗਈ ਅਤੇ ਇਹ ਲਾਮਬੰਦੀ ਨਾ ਸਿਰਫ ਪੰਜਾਬ ਬਲਕਿ ਰਾਜਸਥਾਨ ਦੇ ਸਤਲੁਜ ਦਰਿਆ ਕਿਨਾਰੇ ਪੈਂਦੇ ਜਿਲ੍ਹਿਆਂ ਵਿੱਚ ਵੀ ਸ਼ੁਰੂ ਹੋ ਚੁੱਕੀ ਹੈ । ਪੰਜਾਬ ਭਰ ਤੋਂ ਨਾਮਵਾਰ ਵਾਤਾਵਰਣ ਪ੍ਰੇਮੀ, ਪੱਤਰਕਾਰ, ਲੇਖਕ, ਡਾਕਟਰ ਅਤੇ ਸਮਾਜ ਸੇਵੀ ਸ਼ਾਮਿਲ ਹੋਏ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਮਾਜ ਸੇਵੀ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਦੱਸਿਆ ਕਿ ਨਰੋਆ ਪੰਜਾਬ ਮੰਚ




ਵੱਲੋਂ ਜਿੱਥੇ ਸਰਕਾਰ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਪਿੰਡਾਂ ਦੀਆਂ ਸੱਥਾ, ਸਕੂਲਾਂ, ਕਾਲਜਾਂ ਅਤੇ ਮੁਹੱਲਿਆਂ ਵਿੱਚ ਜਾ ਕੇ ਲੋਕਾਂ ਨੂੰ ਪੀਣ ਵਾਲੇ ਪਾਣੀ ਨੂੰ ਬਚਾਉਣ ਅਤੇ ਬਾਰਿਸ਼ ਦੇ ਪਾਣੀ ਨਾਲ ਧਰਤੀ ਹੇਠਲੇ ਸ੍ਰੋਤਾਂ ਨੂੰ ਰੀਚਾਰਜ਼ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਭਾਰਤੀ ਲੋਕਾਂ, ਜਿਨ੍ਹਾਂ ਨੇ ਪਾਣੀ ਦੀ ਸੰਭਾਲ ਤੇ ਕੰਮ ਕੀਤਾ ਹੈ, ਉਹਨਾਂ ਨੂੰ ਸੱਦ ਕੇ ਸੈਮੀਨਾਰ ਅਤੇ ਵਰਕਸ਼ਾਪਾਂ ਕਰਵਾਈਆਂ ਜਾਣਗੀਆਂ । ਅਸੀਂ ਇਸ ਵਿਸ਼ੇ ਤੇ ਜਿਆਦਾ ਤੋਂ ਜਿਆਦਾ ਅਤੇ ਤਾਜੀ ਜਾਣਕਾਰੀ ਹਾਸਿਲ ਕਰ ਸਕੀਏ, ਵਿਸ਼ਾ ਮਾਹਿਰਾਂ ਅਤੇ ਖੋਜੀਆਂ ਦੀਆਂ ਸੇਵਾਵਾਂ ਖੋਜ਼ ਦੇ ਖੇਤਰ ਵਿੱਚ ਲਈਆਂ ਜਾਣਗੀਆਂ। ਕਾਨੂੰਨੀ ਮਾਹਿਰ ਸਰਕਾਰ, ਪ੍ਰਦੂਸਣ ਕੰਟਰੋਲ ਬੋਰਡ ਅਤੇ ਹੋਰ ਸਬੰਧਿਤ ਅਦਾਰਿਆਂ ਨਾਲ ਕਨੂੰਨੀ ਪੱਖ ਤੋਂ ਲੜਾਈ ਲੜਨਗੇ । ਉਹਨਾਂ ਕਿਹਾ ਕਿ ਹੁਣ ਪੰਜਾਬ ਦੇ ਪਾਣੀ ਦੇ ਸ੍ਰੋਤ ਖਤਮ ਹੋਣ ਦੇ ਕਿਨਾਰੇ ਪਹੁੰਚ ਚੁੱਕੇ ਹਨ, ਇਸ ਲਈ ਮੰਚ ਸਰਕਾਰ ਜਾਂ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਅਦਾਰਿਆਂ ਵੱਲੋਂ ਵਰਤੀ ਜਾ ਰਹੀ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕਰੇਗਾ । ਹਰ ਮੋੜ ਤੇ ਮੋਰਚਵਾਂ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਡਾਕਟਰ ਅਮਰ ਸਿੰਘ ਅਜਾਦ ਨੇ ਨਰੋਆ ਪੰਜਾਬ ਮੰਚ ਦੀ ਸੂਬਾ ਕਾਰਜਕਰਨੀ ਦਾ ਐਲਾਨ ਕਰਦਿਆਂ ਸੰਤ ਬਲਵੀਰ ਸਿੰਘ ਸੀਚੇਵਾਲ ਨੂੰ ਸਰਪ੍ਰਸਤ, ਗੁਰਪ੍ਰੀਤ ਸਿੰਘ ਚੰਦਬਾਜਾ ਨੂੰ ਕਨਵੀਨਰ ਅਤੇ ਸ ਕੁਲਤਾਰ ਸਿੰਘ ਸੰਧਵਾਂ ਐਮ.ਐਲ.ਏ. ਕੋਟਕਪੂਰਾ, ਉਮੇਂਦਰ ਦੱਤ ਖੇਤੀ ਵਿਰਾਸਤ ਮਿਸ਼ਨ, ਸਤਨਾਮ ਸਿੰਘ ਮਾਣਕ ਪੰਜਾਬ ਜਾਗਰਿਤੀ ਮੰਚ ਜਲੰਧਰ, ਡਾਕਟਰ ਪਿਆਰੇ ਲਾਲ ਗਰਗ ਚੰਡੀਗੜ੍ਹ, ਡਾ. ਅਮਰ ਸਿੰਘ ਅਜਾਦ ਪਟਿਆਲਾ, ਬਲਤੇਜ ਸਿੰਘ ਪੰਨੂੰ, ਸਵਰਨ ਸਿੰਘ ਦਾਨੇਵਾਲੀਆ ਸੀਨੀਅਰ ਪੱਤਰਕਾਰ, ਜਸਵੰਤ ਸਿੰਘ ਜ਼ਫਰ ਸੰਭਵ ਫਾਊਂਡੇਸ਼ਨ ਲੁਧਿਆਣਾ, ਡਾ. ਅਮਰਜੀਤ ਸਿੰਘ ਮਾਨ ਸੰਗਰੂਰ, ਐਡਵੋਕੇਟ ਹਾਕਮ ਸਿੰਘ ਪੰਜਾਬ ਹਰਿਆਣਾ ਹਾਈਕੋਰਟ, ਇੰਜ: ਜਤਿੰਦਰ ਸਿੰਘ ਭੰਗੂ, ਮਹਿੰਦਰ ਪਾਲ ਲੂੰਬਾ ਸਮਾਜ ਸੇਵੀ ਮੋਗਾ, ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ, ਲਖਵਿੰਦਰ ਸਿੰਘ ਜੌਹਲ ਜਲੰਧਰ, ਐਡਵੋਕੇਟ ਮਿੱਤਰਸੇਨ ਮੀਤ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਲੁਧਿਆਣਾ, ਇਜ. ਕਪਿਲ ਅਰੋੜਾ ਲੁਧਿਆਣਾ, ਗਿਆਨੀ ਗੁਰਮੀਤ ਸਿੰਘ ਖੋਸਾ ਪਾਂਡੋ, ਡਾ. ਹਰਮਿੰਦਰ ਸਿੰਘ ਜਲਾਲਦੀਵਾਲ, ਐਡਵੋਕੇਟ ਹਰਸਿਮਰਤ ਸਿੰਘ ਅਮ੍ਰਿਤਸਰ, ਡਾ. ਮਨਜੀਤ ਸਿੰਘ ਜੌੜਾ ਬਠਿੰਡਾ, ਜਸਵਿੰਦਰ ਸਿੰਘ ਪੱਤਰਕਾਰ ਮੁਕਤਸਰ ਸਾਹਿਬ, ਜੰਗ ਬਹਾਦਰ ਸਿੰਘ ਅਟਵਾਲ ਪ੍ਰੋਡਿਊਸਰ, ਹਰਦਿਆਲ ਸਿੰਘ ਘਰਿਆਲਾ ਵਾਤਾਵਰਣ ਪ੍ਰੇਮੀ, ਸੁਖਵਿੰਦਰ ਸਿੰਘ ਕੋਟਕਪੂਰਾ ਉਦਯੋਗਪਤੀ, ਜਸਕੀਰਤ ਸਿੰਘ ਲੁਧਿਆਣਾ, ਕਰਨੈਲ ਸਿੰਘ ਜਖੇਪਲ, ਲਖਵੀਰ ਸਿੰਘ ਲੱਖਾ ਸਿਧਾਣਾ ਮਾਂ ਬੋਲੀ ਸਤਿਕਾਰ ਕਮੇਟੀ, ਡਾ. ਭੀਮਇੰਦਰ ਸਿੰਘ ਪਟਿਆਲਾ, ਅਮਰੀਕ ਸਿੰਘ ਤਲਵੰਡੀ ਸਾਹਿਤਕ-ਾਰ, ਬਲਦੇਵ ਸਿੰਘ ਗੋਸਲ ਸੰਗਰੂਰ ਨੂੰ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ । ਇਸ ਮੌਕੇ ਡਾਕਟਰ ਅਜਾਦ ਨੇ ਦੱਸਿਆ ਕਿ ਇਸ ਕਮੇਟੀ ਦਾ ਅੱਗੇ ਵੀ ਵਿਸਥਾਰ ਕੀਤਾ ਜਾਵੇਗਾ ਅਤੇ ਜੋ ਵੀ ਵਾਤਾਵਰਣ ਪ੍ਰੇਮੀ ਅਤੇ ਪੰਜਾਬ ਦਰਦੀ ਸਾਥ ਦੇਣਗੇ, ਉਹਨਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਜਾਵੇਗਾ । ਅੰਤ ਵਿੱਚ ਕਨਵੀਨਰ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਐਲਾਨ ਕੀਤਾ ਕਿ ਮੰਚ ਵੱਲੋਂ 14 ਜੂਨ ਦਿਨ ਸ਼ੁਕਰਵਾਰ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਨੂੰ ਪਟਿਆਲਾ ਵਿਖੇ ਮੰਗ ਪੱਤਰ ਦਿੱਤਾ ਜਾਵੇਗਾ ਅਤੇ ਪਾਣੀ ਵਿੱਚ ਜਹਿਰਾਂ ਮਿਲਾਉਣ ਵਾਲੇ ਕਾਰਖਾਨਿਆਂ ਤੇ ਕਾਰਵਾਈ ਨਾ ਹੋਈ ਤਾਂ 2 ਅਗਸਤ ਤੋਂ ਸੰਘਰਸ਼ ਵਿੱਢਿਆ ਜਾਵੇਗਾ । ਇਸ ਮੌਕੇ ਉਕਤ ਸਾਰੇ ਕਮੇਟੀ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਜਾਬ ਭਰ ਤੋਂ ਸਮਾਜ ਸੇਵੀ ਅਤੇ ਵਾਤਵਰਣ ਪ੍ਰੇਮੀ ਹਾਜਰ ਸਨ ।


KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



## ਸੰਪਾਦਕੀ

# ਟਰੂਡੋ ਅਤੇ ਸ਼ੀਅਰ ਦੇ 'ਜੈਨੋਸਾਈਡ' ਬਾਰੇ ਸਟੈਂਡ ਦੇ ਅਰਥ

ਗੁਆਚੀਆਂ ਅਤੇ ਕਤਲ ਹੋਈਆਂ ਮੂਲਵਾਸੀ ਲੜਕੀਆਂ ਅਤੇ ਔਰਤਾਂ ਬਾਰੇ ਕੌਮੀ ਜਾਂਚ (National Enquiry into Missising and Murdered Indigenous Women and Girls {MMIWG}) ਵੱਲੋਂ ਇਸ ਸਾਰੇ ਵਰਤਾਰੇ ਨੂੰ ਜੈਨੋਸਾਈਡ ਕਰਾਰ ਦਿੱਤੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਐਂਡਰੀਊ ਸ਼ੀਅਰ ਵੱਲੋਂ ਲਏ ਗਏ ਵੱਖ 2 ਸਟੈਂਡ ਨੇ ਕਈ ਸੁਆਲ ਖੜੇ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਟਰੂਡੋ ਨੇ ਮੁੱਢ ਵਿੱਚ ਇਸ ਸ਼ਬਦ ਨੂੰ ਲੈ ਕੇ ਚੁੱਪ ਵੱਟੀ ਰੱਖਣ ਵਿੱਚ ਭਲਾ ਸਮਝਿਆ, ਬਾਅਦ ਵਿੱਚ ਇਸ ਨੂੰ ਥੋੜੇ ਬਹੁਤੇ ਸੰਕੋਚ ਨਾਲ ਜੈਨੋਸਾਈਡ ਆਖਿਆ ਅਤੇ ਫੇਰ ਸਮਾਂ ਪਾ ਕੇ ਇਸ ਨੂੰ ਇੱਕ ਵੱਖਰੀ ਪ੍ਰੀਭਾਸ਼ਾ ਸੱਭਿਆਚਾਰਕ ਜੈਨੋਸਾਈਡ (cultural genocide) ਦੇ ਦਿੱਤੀ ਗਈ। ਦੂਜੇ ਪਾਸੇ ਵਿਰੋਧੀ ਧਿਰ ਦੇ ਨੇਤਾ ਐਂਡਰੀਊ ਸ਼ੀਅਰ ਨੇ ਕੱਲ ਬਿਆਨ ਦਿੱਤਾ ਹੈ ਕਿ ਮੂਲਵਾਸੀਆਂ ਨਾਲ ਇਤਿਹਾਸ ਅਤੇ ਵਰਤਮਾਨ ਵਿੱਚ ਹੋਈਆਂ ਵਾਰਦਾਤਾਂ 'ਆਪਣੇ ਆਪ ਵਿੱਚ ਇੱਕ' ਚੀਜ਼ ਹਨ ਪਰ ਇਸਨੂੰ ਜੈਨੋਸਾਈਡ ਨਹੀਂ ਆਖਿਆ ਜਾ ਸਕਦਾ ਹੈ। ਐਂਡਰੀਊ ਸ਼ੀਅਰ ਵੱਲੋਂ ਦਿੱਤੇ ਇਸ ਬਿਆਨ ਤੋਂ ਬਾਅਦ ਸਮੁੱਚੇ ਮੁੱਦੇ ਬਾਰੇ ਚਰਚਾ ਨੂੰ ਇੱਕ ਨਵੀਂ ਦਿਸ਼ਾ ਮਿਲ ਗਈ ਹੈ।

ਇੱਥੇ ਇਹ ਦੱਸਣਾ ਸਥਾਨਯੁਕਤ ਹੋਵੇਗਾ ਕਿ ਕੌਮੀ ਜਾਂਚ ਕਮਿਸ਼ਨ ਦੀ ਰਿਪੋਰਟ ਆਉਣ ਤੋਂ ਬਾਅਦ ਆਰਗੇਨਾਈਜ਼ੇਸ਼ਨ ਆਫ ਅਮਰੀਕਨ ਸਟੇਟਸ ਨੇ ਮੰਗ ਕੀਤੀ ਹੈ ਕਿ ਕੈਨੇਡਾ ਇੱਕ ਅਜਿਹਾ ਪੈਨਲ ਤਿਆਰ ਕਰੇ ਜੋ ਕੈਨੇਡਾ ਵੱਲੋਂ ਮੂਲਵਾਸੀ ਔਰਤਾਂ ਅਤੇ ਲੜਕੀਆਂ ਪ੍ਰਤੀ ਹੋਈਆਂ ਕੁਤਾਹੀਆਂ ਬਾਰੇ ਜਾਂਚ ਕਰੇ। ਵਰਨਣਯੋਗ ਇਹ ਵੀ ਹੈ ਕਿ ਆਰਗੇਨਾਈਜ਼ੇਸ਼ਨ ਆਫ ਅਮਰੀਕਨ ਸਟੇਟਸ ਵਿੱਚ 35 ਮੁਲਕ ਸ਼ਾਮਲ ਹਨ ਜਿਹਨਾਂ ਵਿੱਚ ਅਮਰੀਕਾ, ਕੈਨੇਡਾ, ਅਰਜਨਟਾਈਨਾ, ਬਰਾਜ਼ੀਲ, ਕੋਲੰਬੀਆ ਆਦਿ ਮੁਲਕ ਸ਼ਾਮਲ ਹਨ। 1948 ਵਿੱਚ ਖੇਤਰੀ ਅਮਨ ਬਹਾਲੀ ਵਾਸਤੇ ਸਥਾਪਤ ਕੀਤੀ ਗਈ ਇਸ ਸੰਸਥਾ ਵਿੱਚ ਕੈਨੇਡਾ ਨੇ 1990 ਵਿੱਚ ਦਾਖ਼ਲਾ ਹਾਸਲ ਕੀਤਾ ਸੀ।

ਪੰਜਾਬੀ ਪੋਸਟ ਵੱਲੋਂ ਮੂਲਵਾਸੀ ਔਰਤਾਂ ਬਾਰੇ ਕਮਿਸ਼ਨ ਦੀ ਰਿਪੋਰਟ ਨੂੰ ਲੈ ਕੇ ਲੰਬੀ ਚੌੜੀ ਰਿਪੋਰਟਿੰਗ ਕੀਤੀ ਜਾ ਚੁੱਕੀ ਹੈ ਪਰ ਅੱਜ ਅਸੀਂ ਜੈਨੋਸਾਈਡ ਸ਼ਬਦ ਬਾਰੇ ਉੱਠੀ ਚਰਚਾ ਉੱਤੇ ਕੇਂਦਰਿਤ ਹੋਣਾ ਪਸੰਦ ਕਰਾਂਗੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਏ ਗਏ 'ਕੱਲ ਹੋਰ ਅੱਜ ਹੋਰ'ਸਟੈਂਡ ਦੀ ਮੁੱਖ ਧਾਰਾ ਦੇ ਮੀਡੀਆ ਵਿੱਚ ਕਾਫੀ ਅਲੋਚਨਾਤਮਕ ਚਰਚਾ ਹੋ ਰਹੀ ਹੈ। ਇੱਥੇ ਤੱਕ ਕਿ ਲਿਬਰਲ ਪੱਖੀ ਅਖਬਾਰ ਟੋਰਾਂਟੋ ਸਟਾਰ ਨੇ ਵੀ ਟਰੂਡੋ ਹੋਰਾਂ ਦੇ ਸਟੈਂਡ ਅਤੇ ਜੈਨੋਸਾਈਡ ਸ਼ਬਦ ਬਾਰੇ ਕਿੰਤੂ ਪ੍ਰਤੂੰ ਕਰਦੇ ਹੋਏ ਟਰੂਡੋ ਦੇ ਸਟੈਂਡ ਦੀ ਤੱਕੜੀ ਆਲੋਚਨਾ ਕੀਤੀ ਹੈ। ਜਿੱਥੇ ਤੱਕ ਕੰਜ਼ਰਵੇਟਿਵਾਂ ਦਾ ਸੁਆਲ ਹੈ, ਉਹਨਾਂ ਵੱਲੋਂ ਸਿਧਾਂਤਕ ਅਤੇ ਇਤਿਹਾਸਕ ਰੂਪ ਵਿੱਚ ਮੂਲਵਾਸੀਆਂ ਨਾਲ ਕੀਤੇ ਗਏ ਵਰਤਾਅ ਬਾਰੇ 'ਹੱਥ ਪਿਛਾਂਹ ਖਿੱਚਣ' ਵਾਲੀ ਪਹੁੰਚ ਅਪਣਾਈ ਜਾਂਦੀ ਰਹੀ ਹੈ। ਇਸਦਾ ਇੱਕ ਕਾਰਣ ਇਹ ਹੈ ਕਿ ਕੈਨੇਡਾ ਦੇ ਮੂਲਵਾਸੀਆਂ ਨਾਲ ਲੰਬੇ ਤਣਾਅ ਭਰੇ ਇਤਿਹਾਸ ਵਿੱਚ ਕੰਜ਼ਰਵੇਟਿਵ ਸਰਕਾਰਾਂ ਦੌਰਾਨ ਸਖ਼ਤੀਆਂ ਵਧੇਰੇ ਹੁੰਦੀਆਂ ਰਹੀਆਂ ਹਨ। ਇਸ ਪਰੀਪੇਖ ਚੋਂ ਵੇਖਿਆਂ ਸਮਝ ਆ ਸਕਦਾ ਹੈ ਕਿ ਐਂਡਰੀਊ ਸ਼ੀਅਰ ਨੇ ਜੈਨੋਸਾਈਡ ਸ਼ਬਦ ਤੋ ਇਨਕਾਰ ਕਿਉਂ ਕੀਤਾ।

ਜਸਟਿਨ ਟਰੂਡੋ ਦੀ ਆਪਣੀ ਮੂਲਵਾਸੀ ਸਾਥੀ ਮੰਤਰੀ ਜੋਡੀ ਵਿਲਸਨ ਰੇਬੂਲਡ ਦੇ ਅਸਤੀਫਾ ਦੇ ਕੇ ਚਲੇ ਜਾਣ ਤੋਂ ਬਾਅਦ ਮੂਲਵਾਸੀਆਂ ਪ੍ਰਤੀ ਵਤੀਰਾ ਨਰਮ ਰੱਖਣ ਦੀ ਮਜ਼ਬੂਰੀ ਹੈ ਤਾਂ ਜੋ ਚੋਣਾਂ ਵਿੱਚ ਥੋੜਾ ਬਹੁਤਾ ਲਾਭ ਹਾਸਲ ਕੀਤਾ ਜਾ ਸਕੇ। ਟਰੂਡੋ ਨੂੰ ਕੈਨੇਡਾ ਵੱਸਦੇ ਉਹਨਾਂ ਐਥਨਿਕ ਭਾਈਚਾਰਿਆਂ ਦੇ ਵੋਟ ਬੈਂਕ ਦਾ ਵੀ ਲਾਭ ਹੋ ਸਕਦਾ ਹੈ ਜੋ ਆਪੋ ਆਪਣੇ ਕਾਰਣਾਂ ਕਰਕੇ ਆਪਣੇ ਪਿਛਲੇ ਮੁਲਕਾਂ ਦੀਆਂ ਸਥਿਤੀਆਂ ਨੂੰ ਜੈਨੋਸਾਈਡ ਕਰਾਰ ਕਰਵਾਉਣ ਲਈ ਸਰਗਰਮ ਹੋਏ ਰਹਿੰਦੇ ਹਨ। ਦੂਜੇ ਪਾਸੇ ਐਂਡਰੀਊ ਸ਼ੀਅਰ ਦਾ ਇਸ ਸ਼ਬਦ ਨੂੰ ਉੱਕਾ ਹੀ ਲਿਸਟ ਵਿੱਚੋਂ ਬਾਹਰ ਕੱਢਣ ਵਾਲਾ ਸਟੈਂਡ ਬੇਸ਼ੱਕ ਮੁੱਖ ਧਾਰਾ ਵਿੱਚ ਮਕਬੂਲ ਹੋਵੇ ਪਰ ਟੋਰੀ ਪਾਰਟੀ ਦੇ ਐਥਨਿਕ ਉਮੀਦਵਾਰਾਂ ਲਈ ਮੁਸ਼ਕਲਾਂ ਖੜੀਆਂ ਕਰ ਸਕਦਾ ਹੈ।

ਇਸ ਮੁੱਦੇ ਨੂੰ ਜੇ ਨੇੜੇ ਹੋ ਕੇ ਵਾਚਿਆ ਜਾਵੇ ਤਾਂ ਅਗਲੀਆਂ ਚੋਣਾਂ ਵਿੱਚ ਪੀਲ ਖੇਤਰ ਦੇ ਕੰਜ਼ਰਵੇਟਿਵ ਪਾਰਟੀ ਦੇ ਐਥਨਿਕ ਉਮੀਦਵਾਰਾਂ ਨੂੰ ਇਸ ਸ਼ਬਦ ਨੂੰ ਲੈ ਕੇ ਜਵਾਬ ਦੇਣੇ ਔਖੇ ਹੋ ਸਕਦੇ ਹਨ। ਕਾਰਣ ਉਹੀ ਕਿ ਜਿਹਨਾਂ ਕਮਿਉਨਿਟੀਆਂ ਵਿੱਚ ਜੈਨੋਸਾਈਡ ਨੂੰ ਲੈ ਚਰਚਾ ਚੱਲਦੀ ਰਹਿੰਦੀ ਹੈ, ਉਹਨਾਂ ਕੋਲ ਲਿਬਰਲਾਂ ਤੱਕ ਪਹੁੰਚ ਕਰਨੀ ਸੌਖੀ ਹੋਵੇਗੀ ਪਰ ਟੋਰੀਆਂ ਨੂੰ ਆਪਣੇ ਸ਼ਬਦ ਸੋਚ ਸਮਝ ਕੇ ਚੁਣਨੇ ਹੋਣਗੇ।

# ਡਰਾਈਵ-ਵੇਅ ਸਬੰਧੀ ਨਵੇਂ ਨਿਯਮ 2 ਜੁਲਾਈ ਤੋਂ ਹੋਣਗੇ ਪ੍ਰਭਾਵੀ

| ਲੌਟ ਚੌੜਾਈ (ਮੀਟਰਾਂ ਵਿੱਚ) | ਡਰਾਈਵ-ਵੇਅ ਦੀ ਵੱਧ ਤੋਂ ਵੱਧ ਚੌੜਾਈ |
|---|---|
| 8.23 ਤੋਂ ਘੱਟ | 4.9 |
| 8.23 ਤੋਂ ਵੱਧ ਪਰ 9.14 ਤੋਂ ਘੱਟ | 5.2 |
| 9.14 ਤੋਂ ਵੱਧ ਪਰ 15.24 ਤੋਂ ਘੱਟ | 6.71 |
| 15.24 ਤੋਂ ਵੱਧ ਪਰ 18.3 ਤੋਂ ਘੱਟ | 7.32 |
| 18.3 ਤੋਂ ਵੱਧ | 9.14 |

...ਪੰਨਾ 1 ਦਾ ਬਾਕੀ

ਪਰਮਿਟ ਲਈ ਸਿਟੀ ਕੋਲ ਅਪਲਾਈ ਕਰਲ ਵਾਲੇ ਕਿਸੇ ਵੀ ਵਿਅਕਤੀ ਨੂੰ ਸਬਮਿਟ ਫਾਰਮ, ਕਾਨੂੰਨੀ ਸਰਵੇਖਣ, ਪ੍ਰਾਪਰਟੀ ਦਾ ਵਿਸਥਾਰ ਸਹਿਤ ਸਾਈਟ ਪਲੈਨ- ਜਿਸ ਵਿੱਚ ਡਰਾਈਵ-ਵੇਅ, ਕਰਬਿੰਗ ਤੇ ਹੋਰ ਪੱਕੀ ਸਤਹਿ ਜਿਨ੍ਹਾਂ ਵਿੱਚ ਵਾਕਵੇਅਜ਼ ਤੇ ਵਿਹੜੇ ਆਦਿ ਸ਼ਾਮਲ ਹੋਣਗੇ, ਜਮ੍ਹਾਂ ਕਰਵਾਉਣਾ ਹੋਵੇਗਾ।

ਠੇਕੇਦਾਰਾਂ ਲਈ ਨਵੇਂ ਨਿਯਮ

ਬਰੈਂਪਟਨ ਵਿੱਚ ਪੇਵਿੰਗ ਦੇ ਕੰਮ ਦਾ ਠੇਕਾ ਲੈਣ ਵਾਲੇ ਠੇਕਦਾਰਾਂ ਕੋਲ ਸਿਟੀ ਆਫ ਬਰੈਂਪਟਨ ਦਾ ਲਾਇਸੰਸ ਹੋਣਾ ਜ਼ਰੂਰੀ ਹੈ। 2 ਜੁਲਾਈ, 2019 ਤੱਕ ਉਹ ਇਹ ਯਕੀਨੀ ਬਣਾਉਣ ਕਿ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਹ ਡਰਾਈਵ-ਵੇਅ ਪਰਮਿਟ ਹਾਸਲ ਕਰਨ ਤੇ ਫਿਰ ਪਰਮਿਟ ਦੀਆਂ ਸਰਤਾਂ ਅਨੁਸਾਰ ਸਿਟੀ ਦੇ ਜ਼ੋਨਿੰਗ ਬਾਇਲਾਅ ਤਹਿਤ ਕੰਮ ਕਰਨ।

ਜੇ ਲੋੜੀਂਦੇ ਪਰਮਿਟ ਤੋਂ ਬਿਨਾਂ ਲਾਇਸੰਸਸ਼ੁਦਾ ਠੇਕੇਦਾਰ ਕੰਮ ਕਰਦਾ ਹੈ ਜਾਂ ਬਾਇਲਾਅ ਦੀ ਉਲੰਘਣਾ ਕਰਦਾ ਹੈ ਤਾਂ ਸਿਟੀ ਉਨ੍ਹਾਂ ਦਾ ਲਾਇਸੰਸ ਮਨਸੂਖ ਕਰ ਸਕਦੀ ਹੈ ਤੇ ਉਨ੍ਹਾਂ ਨੂੰ ਬਿਜ਼ਨਸ ਲਾਇਸੰਸਿੰਗ ਬਾਇਲਾਅ ਤਹਿਤ ਚਾਰਜ ਕੀਤਾ ਜਾ ਸਕਦਾ ਹੈ।

ਡਰਾਈਵ-ਵੇਅ ਸਬੰਧੀ ਕੰਮ ਕਰਨ ਵਾਲੇ ਸਾਰੇ ਠੇਕੇਦਾਰਾਂ, ਜਿਨ੍ਹਾਂ ਨੂੰ ਸਿਟੀ ਆਫ ਬਰੈਂਪਟਨ ਵੱਲੋਂ ਲਾਇਸੰਸ ਪ੍ਰਾਪਤ ਹਨ, ਦੇ ਨਾਂ ਤੇ ਉਨ੍ਹਾਂ ਦੀ ਸੰਪਰਕ ਸਬੰਧੀ ਜਾਣਕਾਰੀ 15 ਜੂਨ ਤੋਂ ਸਿਟੀ ਦੀ ਵੈੱਬਸਾਈਟ ਉੱਤੇ ਆ ਜਾਵੇਗੀ। ਇਸ ਨਾਲ ਸਥਾਨਕ ਵਾਸੀਆਂ ਨੂੰ ਇਹ ਯਕੀਨੀ ਹੋ ਜਾਵੇਗਾ ਕਿ ਉਹ ਲਾਇਸੰਸਸ਼ੁਦਾ ਕਾਂਟਰੈਕਟਰ ਦੀ ਹੀ ਵਰਤੋਂ ਕਰ ਰਹੇ ਹਨ।

ਡਰਾਈਵ-ਵੇਅ ਕਿੰਨਾ ਚੌੜਾ ਹੋ ਸਕਦਾ ਹੈ?

ਡਰਾਈਵ-ਵੇਅ ਦੀ ਪਹਿਲਾਂ ਤੋਂ ਤੈਅਸ਼ੁਦਾ ਚੌੜਾਈ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਜਿਵੇਂ ਕਿ ਜ਼ੋਨਿੰਗ ਬਾਇ-ਲਾਅ ਵਿੱਚ ਪਰੀਭਾਸ਼ਤ ਹੈ, ਇਹ ਲੌਟ ਦੀ ਚੌੜਾਈ ਉੱਤੇ ਆਧਾਰਿਤ ਹੋਵੇਗੀ। ਇਸ ਵਿੱਚ ਉਹ ਵਾਕਵੇਅਜ਼ ਜਾਂ ਹੋਰ ਪੱਕੀ ਸਤਹਿ ਵੀ ਆ ਸਕਦੀ ਹੈ ਜਿਹੜੀ ਡਰਾਈਵ-ਵੇਅ ਦੇ ਨਾਲ ਲੱਗਵੀਂ ਹੈ ਤੇ ਜਿੱਥੇ ਪਾਰਕਿੰਗ ਕੀਤੀ ਜਾ ਸਕਦੀ ਹੈ।

ਪ੍ਰਾਪਰਟੀ ਉੱਤੇ ਡਰੇਨੇਜ ਦੇ ਪ੍ਰਬੰਧ ਯਕੀਨੀ ਬਣਾਉਣ ਲਈ ਡਰਾਈਵ-ਵੇਅ ਤੇ ਸਾਈਡ ਲੌਟ ਲਾਈਨ ਦਰਮਿਆਨ 0.6 ਮੀਟਰ (2 ਫੁੱਟ) ਦੀ ਲਾਂਘੇਯੋਗ ਲੈਂਡਸਕੇਪਿੰਗ ਜਿਵੇਂ ਕਿ ਘਾਹ, ਬਗੀਚਾ ਤੇ ਫੁੱਲ ਆਦਿ ਲਈ ਕਿਆਰੀਆਂ ਆਦਿ ਹੋਣੀਆਂ ਜ਼ਰੂਰੀ ਹਨ। ਸਿੰਗਲ ਡਿਟੈਚਡ ਘਰਾਂ ਲਈ ਲਾਂਘੇਯੋਗ ਲੈਂਡਸਕੇਪਿੰਗ ਲੌਟ ਲਾਈਨਜ਼ ਦੇ ਦੋਵਾਂ ਪਾਸਿਆਂ ਉੱਤੇ ਹੋਣੀ ਜ਼ਰੂਰੀ ਹੈ ਤੇ ਸੈਮੀ ਡਿਟੈਚਡ ਘਰਾਂ ਤੇ ਟਾਊਨਹਾਊਸਿਜ਼ ਲਈ ਇੱਕ ਲੌਟ ਲਾਈਨ ਦੇ ਨਾਲ ਹੋਣੀ ਜ਼ਰੂਰੀ ਹੈ।

ਅਨਿਯਮਿਤ, ਪਾਈ ਦੇ ਆਕਾਰ ਤੇ ਜਾਂ ਕਾਰਨਰ ਵਾਲੇ ਲੌਟਸ ਦੇ ਮਾਲਕਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਹ 905-874-2090 ਉੱਤੇ ਕਾਲ ਕਰਕੇ ਸਿਟੀ ਦੀ ਜ਼ੋਨਿੰਗ ਡਵੀਜ਼ਨ ਤੋਂ ਇਹ ਪਤਾ ਕਰਨ ਕਿ ਉਨ੍ਹਾਂ ਦੇ ਡਰਾਈਵ-ਵੇਅ ਕਿੰਨੇ ਚੌੜੇ ਹੋ ਸਕਦੇ ਹਨ।

ਡਰਾਈਵ-ਵੇਅ ਸਬੰਧੀ ਇਹ ਨਵੇਂ ਨਿਯਮ 22 ਮਈ ਨੂੰ ਸਿਟੀ ਕਾਊਂਸਲ ਵੱਲੋਂ ਮਨਜ਼ੂਰ ਕੀਤੇ ਗਏ ਹਨ। ਸਿਟੀ ਵੱਲੋਂ ਘਰਾਂ ਦੇ ਮਾਲਕਾਂ ਤੇ ਠੇਕੇਦਾਰਾਂ ਕੋਲੋਂ 15 ਜੂਨ ਤੋਂ ਪਰਮਿਟ ਸਬੰਧੀ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ। ਵਧੇਰੇ ਜਾਣਕਾਰੀ ਲਈ www.brampton.ca/roadworks `ਤੇ ਜਾ ਸਕਦੇ ਹੋ।

# ਪਾਸ ਹੋਏ ਨਵੇਂ ਬਿੱਲ ਤੋਂ ਬਾਅਦ ਕੈਨੇਡਾ ਵਿੱਚ ਵ੍ਹੇਲ ਤੇ ਡੌਲਫਿਨ ਨੂੰ ਕੈਦ ਕਰਕੇ ਰੱਖਣ 'ਤੇ ਲੱਗੇਗੀ ਪਾਬੰਦੀ

...ਪੰਨਾ 1 ਦਾ ਬਾਕੀ

ਇਸ ਬਿੱਲ ਤਹਿਤ ਸਮੁੰਦਰੀ ਜੀਵਾਂ ਨੂੰ ਕੈਦ ਕਰਕੇ ਰੱਖਣ ਉੱਤੇ ਪਾਬੰਦੀ ਲਾਈ ਗਈ ਹੈ ਪਰ ਇਸ ਵਿੱਚ ਇਨ੍ਹਾਂ ਦੇ ਬਚਾਅ ਤੇ ਮੁੜਵਸੇਬੇ ਨੂੰ ਇਜਾਜ਼ਤ ਦਿੱਤੀ ਗਈ ਹੈ। ਇਸ ਬਿੱਲ ਨਾਲ ਕ੍ਰਿਮੀਨਲ ਕੋਡ ਵਿੱਚ ਵੀ ਤਬਦੀਲੀ ਹੋਵੇਗੀ, ਜਾਨਵਰਾਂ ਨਾਲ ਕੀਤੇ ਜਾਣ ਵਾਲੇ ਜ਼ੁਲਮ ਨੂੰ ਰੋਕਣ ਲਈ ਵੀ ਸਖ਼ਤ ਪ੍ਰਬੰਧ ਕੀਤੇ ਗਏ ਹਨ। ਇਸ ਤਹਿਤ ਇਨ੍ਹਾਂ ਜੀਵਾਂ ਦੀ ਬ੍ਰੀਡਿੰਗ ਉੱਤੇ ਵੀ ਰੋਕ ਲਾਈ ਗਈ ਹੈ। ਇਸ ਬਿੱਲ ਤਹਿਤ ਇਨ੍ਹਾਂ ਜੀਵਾਂ ਦੇ ਆਯਾਤ ਨਿਰਯਾਤ ਉੱਤੇ ਵੀ ਰੋਕ ਲਾਈ ਜਾਵੇਗੀ। ਸਿਰਫ ਵਿਗਆਨਕ ਰਿਸਰਚ ਜਾਂ ਜੀਵਾਂ ਦੀ ਬਿਹਤਰੀ ਲਈ ਅਜਿਹਾ ਕੀਤਾ ਜਾ ਸਕੇਗਾ, ਜਿਸ ਲਈ ਸਬੰਧਤ ਮੰਤਰੀ ਤੋਂ ਸਹਿਮਤੀ ਲੈਣੀ ਹੋਵੇਗੀ। ਜਾਨਵਰਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਗਰੁੱਪ ਪੀਟਾ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਵਿਆਹ ਤੋਂ ਮੁੜਦੇ ਨੌਜਵਾਨਾਂ ਦੀ ਬਾਈਕ ਦੀ ਬਲੈਰੋ ਨਾਲ ਟੱਕਰ, ਇੱਕ ਦੀ ਮੌਤ, ਦੋ ਜ਼ਖਮੀ

ਨੂਰਮਹਿਲ, 10 ਜੂਨ (ਪੋਸਟ ਬਿਊਰੋ)- ਪਿੰਡ ਸ਼ਾਮਪੁਰ ਨੇੜੇ ਕੱਲ੍ਹ ਸ਼ਾਮ ਬਾਈਕ ਅਤੇ ਬਲੈਰੋ ਦੀ ਟੱਕਰ ਹੋ ਗਈ। ਇਸ ਹਾਦਸੇ ਵਿੱਚ ਲੈਬੋਰਟਰੀ ਵਿੱਚ ਕੰਮ ਕਰਦੇ 32 ਸਾਲਾ ਸੰਦੀਪ ਸਿੰਘ ਦੀ ਮੌਤ ਹੋ ਗਈ, ਜਦ ਕਿ ਉਸ ਦੇ ਨਾਲ ਲੈਬ ਵਿੱਚ ਕੰਮ ਕਰਨ ਵਾਲਾ ਅਭਿਮੰਨਿਊ (28) ਤੇ ਗੁਆਂਢੀ ਕੁਲਵੰਤ (19) ਗੰਭੀਰ ਜ਼ਖਮੀ ਹੋ ਗਏ। ਹਾਦਸੇ ਪਿੱਛੋਂ ਗੱਡੀ ਚਾਲਕ ਫਰਾਰ ਹੋ ਗਿਆ। ਰਾਹਗੀਰਾਂ ਨੇ ਦੋਵਾਂ ਨੂੰ ਨਕੋਦਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਾਇਆ।

ਕੱਲ੍ਹ ਸਵੇਰੇ ਤਿੰਨੇ ਨੌਜਵਾਨ ਬਾਈਕ ਉੱਤੇ ਫਿਲੌਰ ਵਿੱਚ ਕਿਸੇ ਵਿਆਹ ਵਿੱਚ ਗਏ ਸਨ। ਉਥੋਂ ਸ਼ਾਮ ਨਮੂ ਮੁੜਦੇ ਸਮੇਂ ਪਿੰਡ ਸ਼ਾਮਪੁਰ ਨੇੜੇ ਬਾਈਕ ਦੀ ਜੀਪ ਨਾਲ ਟੱਕਰ ਹੋ ਗਈ ਤਾਂ ਤਿੰਨੇ ਜਣੇ ਗੰਭੀਰ ਜ਼ਖਮੀ ਹੋ ਗਏ। ਹਾਦਸੇ ਪਿੱਛੋਂ ਬਲੈਰੋ ਚਾਲਕ ਫਰਾਰ ਹੋ ਗਿਆ। ਰਾਹਗੀਰਾਂ ਨੇ ਤਿੰਨਾਂ ਨੂੰ ਨਕੋਦਰ ਦੇ ਸਿਵਲ ਹਸਪਤਾਲ ਦਾਖਲ ਕਰਾਇਆ ਤਾਂ ਸੰਦੀਪ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਦੂਸਰੇ ਦੋਵਾਂ ਦੀ ਹਾਲਤ ਗੰਭੀਰ ਦੇਖਦੇ ਹੋਏ ਕਪੂਰਥਲਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਪੁਲਸ ਨੇ ਜਾਂਚ ਕਰਨ ਦੇ ਬਾਅਦ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# Peel police and community fun day proved to be a huge success

By: Surjit Singh Flora

Photo by Surjit Singh Flora







Peel police held "police and community fun day on June 7 at 180 Derry road east, Mississauga Emil Kolb center for police excellence from 10 am to 3 pm. This fun day for families was offered at no cost to our community, and includes the information about emergency services, "clinic", police services, games, draws, and activities. the goal of police and community fun day was to bring together community health and safety partners such as police and fire department to provide helpful information for families in a non-threatening, positive way.

The annual family fun day evet put command vehicles, tactical gear and equipment on display for children and adults to enjoy and a variety of other public safety-related organizations.

"This is a great community event," said Gurvinder Virdi whose son got a chance to sit on a big police all-terrain vehicle. "it's really important for the kids to meet these people." Said Virdi.

"It's great for kids to get comfortable with first responders and know they're good guys," Mrs. Virdi said.

That's precisely the point and "we're really trying to draw families and young children to come and meet the first responders." Said one of peel police officer.

While it's called the peel police services family fun day, local firefighters and EMS workers, all showcasing their value and services by letting kids climb into vehicles or handing out goodies and information vouchers.

"I do a lot of these events and the young children are often quite reserved, so I just wait until they're ready to come to me. the older ones have to stay respectful. My parents would say you have to give respect to get it back. then they can get their selfies." said satnam flora 12

While parents and kids enjoyed a friendly environment and mingled with their first responders, not only that, children had the chance to enjoy such as amazing magic tricks, colorful balloons, dunk tank o bouncy tent o face painting, grab bags photo booth, fun button making.

For the music lovers' free displays, recruiting live music, prisoner escort, marine unit, tactical & rappelling crime stoppers and so much more!

And for the food lovers BBQ from 10:30am - 2:30pm , hamburgers, hot dogs, samosas ,pop, popcorn and cotton candy kids eat free!

Cops for cancer t-shirts on sale was also helpful to the Cancer society.

After all, Peel police and community fun day proved to be a huge success

# ਪੇਟ ਵਿੱਚ ਕ੍ਰਿਪਾਨ ਮਾਰ ਕੇ ਨੌਜਵਾਨ ਦਾ ਕਤਲ

ਮੁੱਲਾਂਪੁਰ ਦਾਖਾ, 10 ਜੂਨ (ਪੋਸਟ ਬਿਊਰੋ)- ਇਸ ਕਸਬੇ ਦੇ ਮੁਹੱਲੇ ਇੰਦਰਾ ਕਲੋਨੀ ਦੇ ਇੱਕ ਨੌਜਵਾਨ ਨੇ ਮੁਹੱਲੇ ਵਿੱਚ ਰਹਿੰਦੇ ਨੌਜਵਾਨ ਦਾ ਕ੍ਰਿਪਾਨ ਮਾਰ ਕੇ ਕਤਲ ਕਰ ਦਿੱਤਾ ਹੈ। ਮ੍ਰਿਤਕ ਸੰਦੀਪ ਉਰਫ ਗੱਗੂ (27) ਦੇ ਪਿਤਾ ਇੰਦਰਜੀਤ ਸਿੰਘ ਵਾਸੀ ਇੰਦਰਾ ਕਲੋਨੀ ਮੁੱਲਾਂਪੁਰ ਨੇ ਦੱਸਿਆ ਕਿ ਉਸ ਦਾ ਲੜਕਾ ਟਰੱਕ ਯੂਨੀਅਨ ਦੇ ਪ੍ਰਧਾਨ ਬਿੱਟੂ ਦਾ ਟਰਾਲਾ ਚਲਾਉਂਦਾ ਸੀ ਅਤੇ ਕਈ ਦਿਨਾਂ ਤੋਂ ਘਰ ਰਹਿ ਰਿਹਾ ਸੀ। ਕੁਝ ਦਿਨ ਪਹਿਲਾਂ ਸੰਦੀਪ ਦੀ ਮੁਹੱਲੇ ਵਿੱਚ ਰਹਿੰਦੇ ਮਨੀ ਸਿੰਘ ਉਰਫ ਭੀਮ ਨਾਲ ਕਿਸੇ ਗੱਲ ਤੋਂ ਬਹਿਸ ਹੋ ਗਈ ਸੀ। ਕੱਲ੍ਹ ਰਾਤ ਜਦ ਸੰਦੀਪ ਬਾਜ਼ਾਰ ਤੋਂ ਘਰ ਆ ਰਿਹਾ ਸੀ ਤਾਂ ਮਨੀ ਨੇ ਸੰਦੀਪ ਨੂੰ ਘੇਰ ਲਿਆ ਤੇ ਕਿਰਪਾਨ ਪੇਟ, ਛਾਤੀ ਅਤੇ ਬਾਂਹ 'ਤੇ ਮਾਰੀ। ਸੂਚਨਾ ਮਿਲਦੇ ਸਾਰ ਉਹ ਮੌਕੇ 'ਤੇ ਪਹੁੰਚੇ ਤਾਂ ਸੰਦੀਪ ਦਾ ਕਾਫੀ ਖ਼ੂਨ ਵਹਿ ਚੁੱਕਾ ਸੀ ਅਤੇ ਮਨੀ ਫਰਾਰ ਹੋ ਗਿਆ ਸੀ। ਸੰਦੀਪ ਨੂੰ ਸੀ ਐੱਮ ਸੀ ਲੁਧਿਆਣਾ ਦਾਖਲ ਕਰਾਇਆ ਤਾਂ ਓਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ ਉੱਤੇ ਦੋਸ਼ੀ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਫੜ ਲਿਆ ਹੈ।



















# ਪਹਿਲੀਵਾਰ ਘਰ ਲੈਣ ਵਾਲਿਆਂ ਲਈ ਕੁਝ ਨੁਕਤੇ



ਹੀਰਾ ਰੰਧਾਵਾ

ਘਰ ਖ਼੍ਰੀਦਣ ਦਾ ਕੰਮ ਥੋੜਾ ਔਖਾ ਅਤੇ ਪੇਚੀਦਾ ਕਿਸਮ ਦਾ ਹੈ। ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਤੁਸੀਂ ਘਰ ਖ਼੍ਰੀਦਣ ਦੇ ਪੂਰੇ ਅਮਲ ਨੂੰ ਸਮਝ ਸਕਦੇ ਹੋ:

1-ਆਪਣੀਆਂ ਲੋੜਾਂ ਨੂੰ ਜਾਣੋ:

ਸਭ ਤੋਂ ਪਹਿਲਾਂ ਆਪਣੇ ਰਹਿਣ ਲਈ ਚੰਗੇ ਲੱਗਦੇ ਇਲਾਕੇ ਬਾਰੇ ਸੋਚੋ।ਕੀ ਤੁਸੀਂ ਰੂਰਲ ਇਲਾਕਿਆਂ ਨੂੰ ਪਸੰਦ ਕਰਦੇ ਹੋ? ਜਦ ਤੁਸੀਂ ਇਹਨਾਂ ਇਲਾਕਿਆਂ ਵਿੱਚ ਵਿਚਰਦੇ ਹੋ ਤਾਂ ਤਰੋ-ਤਾਜ਼ਾ ਮਹਿਸੂਸ ਕਰਦੇ ਹੋ? ਜਾਂਕੀ ਤੁਸੀਂ ਫੈਮਿਲੀ ਫ਼ਰੈਂਡਲੀ ਅਰਧ-ਸ਼ਹਿਰੀ ਜੀਵਨ ਸ਼ੈਲੀ ਵਾਲੇ ਇਲਾਕੇ ਵਿੱਚ ਜਾਣ ਦਾ ਸੋਚਦੇ ਰਹੇ ਹੋ? ਇਹ ਬਹੁਤ ਜਰੂਰੀ ਹੈ ਕਿ ਤੁਸੀਂ ਕੋਈ ਘਰ ਖ਼੍ਰੀਦਣ ਤੋਂ ਪਹਿਲਾਂ ਆਪਣੇ ਰਹਿਣ ਸਹਿਣ ਅਨੁਸਾਰ ਅਨੁਸਾਰ ਉਸ ਇਲਾਕੇ ਨੂੰ ਚੁਣੋ ਜਿਥੇ ਰਹਿ ਕੇ ਖ਼ੁਸ਼ ਰਹਿ ਸਕਦੇ ਹੋ। ਅਰਧ-ਸ਼ਹਿਰੀ ਜੀਵਨ-ਪ੍ਰਵਾਹ ਬੜਾ ਸਹਿਜ ਹੁੰਦਾ ਹੈ ਜਿਥੇ ਬੱਚਿਆਂ ਦੇ ਬਾਹਰ ਖੁਲ੍ਹੀਆਂ ਥਾਂਵਾਂ ਤੇ ਖ਼ੇਡਣ ਦਾ ਮੌਕਾ ਮਿਲਦਾ ਹੈ ਉਥੇ ਆਢ-ਗੁਆਂਢ ਵੀ ਮਿਲਣਸਾਰ ਹੁੰਦੇ ਹਨ। ਇਸੇ ਤਰਾਂ ਅਜਿਹੇ ਇਲਾਕਿਆਂ ਵਿੱਚ ਆਪਣੇ ਘਰ ਅਤੇ ਬਾਹਰ ਦੇ ਵਾਤਾਵਰਣ ਵਿੱਚ ਆਪਣੀ ਨਿੱਜਤਾ ਵੀ ਕਾਇਮ ਰਹਿੰਦੀ ਹੈ। ਇਸ ਦੇ ਨਾਲ ਨਾਲ ਖੁੱਲ੍ਹੀ ਥਾਂ ਹੋਣ ਕਰਕੇ ਤੁਸੀਂ ਗਾਰਡਨਿੰਗ ਵਰਗੇ ਸ਼ੌਕ ਨੂੰ ਵੱਡੇ ਪੱਧਰ ਤੇ ਪੂਰਾ ਕਰ ਸਕਦੇ ਹੋ। ਇਸ ਦੇ ਨਾਲ ਹੀ ਤੁਸੀਂ ਆਪਣੇ ਦਿਲ ਤੋਂ ਕੰਮ ਲੈ ਕੇ ਫੈਸਲਾ ਕਰੋ ਕਿ ਤੁਹਾਨੂੰ ਕਿਸ ਤਰਾਂ ਦੀ ਰਿਹਾਇਸ਼ ਪਸੰਦ ਹੈ। ਕੀ ਤੁਸੀਂ ਕਿਸੇ ਸ਼ਹਿਰ ਦੀ ਅਪਾਰਟਮਮੈਂਟ ਵਿੱਚ ਰਹਿਣਾ ਚਾਹੁੰਦੇ ਹੋ? ਕੀ ਕਿਸੇ ਕੰਟਰੀਸਾਈਡ ਦੀ ਕਾਟੇਜ਼ ਦਾ ਸਾਈਜ਼ ਤੁਹਾਡੇ ਲਈ ਠੀਕ ਹੈ ਜਾਂ ਫਿਰ ਤੁਸੀਂ ਮੇਂਟੀਨੈਂਸ ਦੇ ਕਿਸੇ ਝੰਜਟ ਤੋਂ ਬਚ ਕੇ ਕੰਡੋ ਦੀ ਆਰਾਮਦਾਇਕ ਜ਼ਿਦਗੀ ਨੂੰ ਤਰਜੀਹ ਦਿੰਦੇ ਹੋ?

2- ਘਰ ਦੀ ਮਲਕੀਅਤ ਦੀ ਮਹੱਤਤਾ ਨੂੰ ਜਾਣੋ:

ਘਰ ਦੀ ਖ਼੍ਰੀਦਦਾਰੀ ਮਗਰੋਂ ਮਹੀਨਵਾਰ ਮਾਰਗੇਜ਼ ਦੀ ਅਦਾਇਗੀ ਹੀ ਸਾਰਾ ਕੁਝ ਨਹੀਂ ਸਗੋਂ ਇਸ ਤੋਂ ਬਿਨਾਂ ਵੀ ਬਹੁਤ ਕੁਝ ਹੈ ਜਿਸ ਤੇ ਵੀਚਾਰ ਕਰਨੀ ਬਣਦੀ ਹੈ। ਇਸ ਗੱਲ ਨੂੰ ਵੀ ਖ਼ਿਆਲ ਵਿੱਚ ਰੱਖੋ ਕਿ ਕੀ ਤੁਸੀਂ ਘਰ ਦੇ ਮਾਲਿਕ ਬਣਨ ਪਿੱਛੋਂ ਬਿੱਲ-ਬੱਤੀਆਂ, ਪ੍ਰਾਪਰਟੀ ਟੈਕਸ, ਮੁਰੰਮਤ, ਹੋਮਓਨਰਜ਼ ਐਸੋਸੀਏਸ਼ਨ ਫੀਸ (ਜਿਥੇ ਲਾਗੂ ਹੋਵੇ), ਲਾਅਨ ਮੇਂਟੀਨੈਂਸ ਵਰਗੇ ਖ਼ਰਚੇ ਚੁੱਕਣ ਦੀ ਹਾਲਤ ਵਿੱਚ ਹੋ? ਜੇਕਰ ਤੁਸੀਂ ਸ਼ਹਿਰ ਕਿਸੇ ਨਵੇਂ ਬਣੇ ਇਲਾਕੇ ਵਿੱਚ ਜਾਂ ਕਿਸੇ ਨਵੇਂ ਸ਼ਹਿਰ ਵਿੱਚ ਜਾ ਰਹੇ ਹੋ ਤਾਂ ਉਥੇ ਜੀਵਨ-ਨਿਰਬਾਹ ਖ਼ਰਚਿਆਂ (ਕਾਸਟ ਆਫ਼ ਲਿਵਿੰਗ) ਨੂੰ ਧਿਆਨ ਵਿੱਚ ਰੱਖਣਾ ਬਹੁਤ ਜਰੂਰੀ ਹੈ। ਟਰਾਂਸਪੋਰਟੇਸ਼ਨ, ਸਕੂਲ ਟਿਊਸ਼ਨ, ਅਤੇ ਰੋਜ਼ਮਰਾ ਦੇ ਖ਼ਰਚੇ ਵੀ ਤੁਹਾਡੀ ਘਰ ਦੀ ਮਲਕੀਅਤ ਨੂੰ ਪਹਿਲੀ ਨਜ਼ਰੇ ਦਿਖਾਈ ਦੇਣ ਵਾਲੇ ਖ਼ਰਚਿਆਂ ਨਾਲੋਂ ਵਧੇਰੇ ਮਹਿੰਗਾ ਕਰ ਸਕਦੇ ਹਨ।

3-ਆਪ ਉਸਾਰੀ ਕਰਨੀ ਜਾਂ ਖ਼੍ਰੀਦਣਾ ਠੀਕ ਰਹੇਗਾ:

ਤੁਹਾਡੀ ਆਪਣੀ ਮਰਜ਼ੀ ਅਨੁਸਾਰ ਬਣਾਇਆ ਗਿਆ ਘਰ ਮਹਿੰਗਾ ਪੈ ਸਕਦਾ ਹੈ ਪਰ ਤੁਸੀਂ ਪੁਰਾਣੇ ਘਰ ਨੂੰ ਆਪਣੀਆਂ ਜਰੂਰਤਾਂ ਅਨੁਸਾਰ ਮੁਰੰਮਤ ਕਰਕੇ ਠੀਕ ਕਰ ਸਕਦੇ ਹੋ। ਜੇਕਰ ਤੁਸੀਂ ਇਹ ਕੰਮ ਖ਼ੁਦ ਕਰ ਰਹੇ ਹੋ ਤਾਂ ਤਜਰਬੇ ਤੋਂ ਬਿਨਾਂ ਮਹਿੰਗੇ ਔਜ਼ਾਰ ਖ਼੍ਰੀਦਣ ਅਤੇ ਕੀਮਤੀ ਸਮੇਂ ਦੀ ਵਰਤੋਂ ਨਾਲ ਇਹ ਤੁਹਾਨੂੰ ਮਹਿੰਗਾ ਵੀ ਪੈ ਸਕਦਾ ਹੈ ਅਤੇ ਇਸ ਨਾਲ ਤੁਸੀਂ ਸੰਤੁਸ਼ਟ ਵੀ ਨਹੀਂ ਹੋਵੋਗੇ। ਪਰਇਸ ਕਾਰਜ ਨੂੰ ਕਿਸੇ ਠੇਕੇਦਾਰ ਤੋਂ ਕਰਵਾਉਣ ਤੋਂ ਪਹਿਲਾਂ ਚੰਗੀ ਤਰਾਂ ਸ਼ਾਪ ਅਰਾਊਂਡ ਕਰ ਲੈਣਾ ਚਾਹੀਦਾ ਹੈ।

4-ਲੋਕੇਸ਼ਨ, ਲੋਕੇਸ਼ਨ, ਲੋਕੇਸ਼ਨ:

ਇੱਕ ਮਾੜੇ ਗੁਆਂਢ ਵਿੱਚ ਸਥਿੱਤ ਘਰ ਖ਼੍ਰੀਦਣਾ ਕਰਦੇ ਵੀ ਸਮਝਦਾਰੀ ਵਾਲੀ ਗੱਲ ਨਹੀਂ ਹੁੰਦੀ। ਹੋ ਸਕਦਾ ਹੈ ਭਵਿੱਖ ਵਿੱਚ ਕਿਸੇ ਵੇਲੇ ਉਥੇ ਕੁਝ ਸੁਧਾਰ ਹੋਵੇ ਤੇ ਤੁਹਾਡੀ ਜਾਇਦਾਦ ਦੀ ਕੀਮਤ ਵਧ ਜਾਵੇ ਪਰ ਅਜਿਹਾ ਬਹੁਤ ਘੱਟ ਵਾਪਰਦਾ ਹੈ। ਇਸ ਨਾਲੋਂ ਕਿਤੇ ਚੰਗਾ ਹੈ ਕਿ ਕਿਸੇ ਐਸੇ ਇਲਾਕੇ ਵਿੱਚ ਛੋਟਾ ਘਰ ਖ਼੍ਰੀਦ ਲਵੋ ਜਿਥੇ ਬਹੁਤ ਚੰਗਾ ਗੁਆਂਢ ਹੋਵੇ ਜਾਂ ਫਿਰ ਅਜਿਹਾ ਘਰ ਖ਼੍ਰੀਦੋ ਜਿਸ ਨੂੰ ਮੁਰੰਮਤ ਕਰਨ ਦੀ ਜਰੂਰਤ ਹੋਵੇ। ਇਸ ਤਰਾਂਦੇ ਘਰ ਦੀ ਕੀਮਤ ਭਵਿੱਖ ਵਿੱਚ ਵਧਣੀ ਹੀ ਵਧਣੀ ਹੈ।

5-ਆਪਣੇ ਕਰਜ਼ਿਆਂ ਨੂੰ ਜਾਣੋ:

ਕਿਸੇ ਇਸ਼ਤਿਹਾਰ ਵਿੱਚ ਲੋਨ ਦੀ ਵਿਆਜ਼ ਦਰ ਵੇਖਣ ਵਿੱਚ ਬਹੁਤ ਵਧੀਆ ਲੱਗਦੀ ਹੈ, ਪਰ ਜੇਕਰ ਇੱਕ ਵਾਰ ਤੁਸੀਂ ਬੈਂਕ ਵਿੱਚ ਚਲੇ ਜਾਓ ਤਾਂ ਕੀ ਤੁਹਾਨੂੰ ਪਤਾ ਹੈ ਕਿ ਤੁਹਾਨੂੰ ਅਸਲ ਵਿੱਚਕੀ ਕੁਝ ਅਦਾ ਕਰਨਾ ਪਵੇਗਾ? ਪੋਇੰਟਸ ਪੀ ਐਮ ਆਈ (ਪ੍ਰਾਈਵੇਟ ਮਾਰਗੇਜ਼ ਇੰਸ਼ੋਰੈਂਸ) ਅਤੇ ਕਲੋਜ਼ਿੰਗ ਦੀਆਂ ਕੀਮਤਾਂ ਤੁਹਾਡੀ ਮਾਰਗੇਜ਼ ਨੂੰ ਕਾਫ਼ੀ ਉਪਰ ਲੈ ਜਾਣਗੀਆਂ। ਕੁਝ ਪ੍ਰੋਗਰਾਮਾਂ ਤਹਿਤ ਖ਼੍ਰੀਦਦਾਰਾਂ ਨੂੰ ਡਾਊਨ ਪੇਮੈਂਟਸ ਘੱਟ ਕਰਨੀਆਂ ਪੈਂਦੀਆਂ ਹਨ। ਪਰ ਇਹ ਨਹੀਂ ਪਤਾ ਕਿ ਕਿੰਨੇ ਲੰਬੇ ਸਮੇਂ ਤੱਕ ਤੁਸੀਂ ਬਿਨਾਂ ਪੈਨਲਟੀ ਦੇ ਉਸ ਘਰ ਵਿੱਚ ਰਹੋਗੇ ਅਤੇ ਕਿੰਨੀ ਵੱਧ ਤੁਹਾਨੂੰ ਅਦਾਇਗੀ ਕਰਨੀ ਪੈ ਸਕਦੀ ਹੈ?ਮਾਰਗੇਜ਼ ਦੇ ਕਾਗਜ਼ਾਂ ਉੱਤੇ ਦਸਤਖ਼ਤ ਕਰਨ ਤੋਂ ਪਹਿਲਾਂ ਹਰੇਕ ਕਲਾਜ਼ ਅਤੇ ਛੋਟੇ ਛੋਟੇ ਅੱਖਰਾਂ ਵਿੱਚ ਲਿਖੀਆਂ ਸ਼ਰਤਾਂ ਨੂੰ ਚੰਗੀ ਤਰਾਂ ਪੜ੍ਹ ਲਵੋ ਅਤੇ ਮਾਰਕੀਟ ਵਿੱਚ ਹੋਰ ਥਾਂਵਾਂ ਤੋਂ ਘੱਟ ਰੇਟਾਂ ਤੇ ਮਿਲਦੀ ਮਾਰਗੇਜ਼ ਬਾਰੇ ਪੁੱਛਣ ਤੋਂ ਕਦੇ ਨਾ ਝਿਜਕੋ।

6-ਖ਼੍ਰੀਦਦਾਰ ਦੇ ਬਰੋਕਰ ਬਾਰੇ ਵਿਚਾਰ ਕਰੋ:

ਬਹੁਤੇ ਰੀਅਲ ਇਸਟੇਟ ਏਜੰਟ ਆਪਣੇ ਵਿਕ੍ਰੇਤਾਵਾਂ ਦੀ ਪ੍ਰਤੀਨਿਧਤਾ ਕਰਦੇ ਹਨ, ਪਰ ਇੱਕ ਖ਼੍ਰੀਦਦਾਰ ਦਾ ਬਰੋਕਰ (ਜਿਸ ਨੂੰ ਉਸ ਦਾ ਏਜੰਟ ਵੀ ਕਿਹਾ ਜਾਂਦਾ ਹੈ) ਤੁਹਾਡੀਆਂ ਜਰੂਰਤਾਂ ਅਤੇ ਖ਼ਾਹਿਸ਼ਾਂ ਦੀ ਪ੍ਰਤੀਨਧਤਾਂ ਕਰਦਿਆਂ ਤੁਹਾਨੂੰ ਅਜਿਹੀ ਪ੍ਰਾਪਰਟੀ ਲੱਭ ਕੇ ਦੇਣ ਵਿੱਚ ਸਹਾਇਤਾ ਕਰਦਾ ਹੈ ਜਿਹੜੀ ਤੁਹਾਡੇ ਲਈ ਵਧੇਰੇ ਢੁਕਵੀਂ ਹੋਵੇਗੀ। ਕੁਝ ਮਾਰਕੀਟਾਂ ਵਿੱਚ ਜਿਥੇ ਖ਼੍ਰੀਦਦਾਰਾਂ ਦੇ ਬਰੋਕਰਅਤੇ ਇੱਕ ਵਧੀਆ ਤੇ ਪੇਸ਼ਾਵਰ ਐਡਵੋਕੇਟਲੱਭਣਾ ਮੁਸ਼ਕਿਲ ਹੈ ਜਿਹੜਾਤੁਹਾਨੂੰ ਵਧੀਆ ਕੀਮਤ ਤੇ ਘਰ ਖ਼੍ਰੀਦ ਕੇ ਦੇਣ ਦੀ ਚਿੰਤਾਂ ਨੂੰ ਘਟਾਉਣ ਲਈ ਕਾਨੂੰਨੀ ਤੌਰ ਤੇ ਲੋੜੀਂਦਾ ਹੈ।

7-ਪੇਸ਼ਾਵਰ ਹੋਮ ਇੰਸਪੈਕਸ਼ਨ ਕਰਵਾਉਣ ਦੇ ਨਾਲ ਨਾਲ ਘਰ ਬਾਰੇ ਪੂਰਾ ਵੇਰਵਾ ਮੰਗੋ:

ਬਹੁਤ ਸਾਰੇ ਸੂਬਿਆਂ ਵਿੱਚ ਇਹ ਜਰੂਰੀ ਹੈ ਕਿ ਘਰ ਵੇਚਣ ਵਾਲਾ ਪ੍ਰਾਪਰਟੀ ਨਾਲ ਸੰਬੰਧਿਤ ਸੰਭਾਵਿਤ ਮੁਸ਼ਕਿਲਾਂ ਬਾਰੇ ਪੂਰੀ ਤਰਾਂ ਖੁਲਾਸਾ ਕਰੇ।ਪਰ ਕਾਨੂੰਨੀ ਸ਼ਰਤਾਂ ਦੇ ਬਾਵਜੂਦਹੋ ਸਕਦਾ ਹੈ ਕਿ ਮਾਲਿਕ ਪ੍ਰਾਪਰਟੀ ਵਿੱਚ ਪਹਿਲਾਂ ਵਾਲੇ ਕਿਸੇ ਨੁਕਸ ਬਾਰੇ ਨਾ ਜਾਣਦੇ ਹੋਣ ਜਾਂ ਜਾਣ ਬੁੱਝ ਕੇ ਨਾ ਦੱਸਣ। ਪ੍ਰਾਪਰਟੀ ਵਿੱਚਲੇ ਨੁਕਸਾਂ ਨੂੰ ਬਾਰੀਕੀ ਨਾਲ ਜਾਨਣ ਦਾ ਇੱਕੋ ਇੱਕ ਤਰੀਕਾ ਹੈ ਕਿਸੇ ਪੇਸ਼ਾਵਰ ਹੋਮ ਇੰਸਪੈਕਟਰ ਦੀਆਂ ਸੇਵਾਵਾਂ ਲਈਆਂ ਜਾਣ। ਇਸ ਲਈ 300 ਤੋਂ 600 ਡਾਲਰ ਭਾਵੇਂ ਖ਼ਰਚ ਆ ਜਾਣਗੇ ਪਰ ਇਸ ਨਾਲ ਹਜ਼ਾਰਾਂ ਡਾਲਰਾਂ ਦੀ ਬੱਚਤ ਹੋ ਸਕਦੀ ਹੈ ਜਿਹੜੇ ਵੱਡੇ ਨੁਕਸਾਂ ਦੀ ਮੁਰੰਤ ਕਰਵਾਉਣ ਤੇ ਭਵਿੱਖ ਵਿੱਚ ਲੱਗ ਸਕਦੇ ਹਨ।

8-ਸਭ ਕੁਝ ਲਿਖਤੀ ਰੂਪ ਵਿੱਚ ਲਵੋ:

ਆਪਣੇ ਆਪ ਨੂੰ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਸੌਦੇ ਦੀਆਂ ਸਾਰੀਆਂ ਮੱਦਾਂ ਨੂੰ ਲਿਖਤੀ ਰੂਪ ਵਿੱਚ ਲਵੋ।ਦਸਤਖ਼ਤ ਕਰਨ ਤੋਂ ਪਹਿਲਾਂ ਇਹ ਵੀ ਯਕੀਨੀ ਬਨਾਓ ਕਿ ਤੁਸੀਂ ਹਰ ਪਹਿਲੂ ਨੂੰ ਚੰਗੀ ਤਰਾਂ ਸਮਝ ਗਏ ਹੋ।ਤੁਹਾਡੇ ਲਈ ਕਾਨੂੰਨੀ ਜਾਗਰਣ ਅਤੇ ਰੀਅਲ ਇਸਟੇਟ ਦੀ ਪ੍ਰੀਭਾਸ਼ਾ ਉਲਝਣਾਂ ਵਾਲੀ ਤੇ ਨਿਰਾਸ਼ਾਜਣਕ ਹੋ ਸਕਦੀ ਹੈ ਜਿਸ ਕਰਕੇ ਸੌਦੇ ਤੋਂ ਪਹਿਲਾਂ ਰੀਅਲ ਇਸਟੇਟ ਦੀ ਸ਼ਬਦਾਵਲੀ ਨੂੰ ਜਾਣ ਲਵੋ ਅਤੇ ਇਸ ਸੰਬੰਧੀ ਮਨ ਵਿੱਚ ਉਪਜਦੇ ਸਵਾਲਾਂ ਨੂੰ ਪੁੱਛਣ ਤੋਂ ਕਦੇ ਵੀ ਨਾ ਝਿਜਕੋ।

9-ਸੌਦੇ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਕੀ ਕਰੀਏ:

ਸਭ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਤੁਹਾਡਾ ਟਾਈਟਲ 'ਫ੍ਰੀ ਐਂਡ ਕਲੀਅਰ' ਹੈ ਅਤੇ ਪ੍ਰਾਪਰਟੀ ਦੀ ਮਲਕੀਅਤ ਲੈਣ ਵਿੱਚ ਕੋਈ ਅੜਚਣ ਨਹੀਂ ਹੈ। ਇਸ ਮਗਰੋਂ ਹੋਮਓਨਰਜ਼ ਇੰਸ਼ੋਰੈਂਸ ਖ਼੍ਰੀਦੋ ਅਤੇ ਇਹ ਜਾਂਚੋ ਕਿ ਹੋਮ ਵਾਰੰਟੀ (ਜੇਕਰ ਸੇਲ ਦੇ ਹਿੱਸੇ ਵਿੱਚ ਨਹੀਂ ਸ਼ਾਮਿਲ ਤਾਂ) ਤੁਹਾਡੇ ਹੱਕ ਵਿੱਚ ਹਨ। ਇਹ ਸਭ ਕੁਝ ਕਲੋਜ਼ਿੰਗ ਤੋਂ ਪਹਿਲਾਂ ਕਰਨ ਵਾਲੇ ਕਾਰਜ ਹਨ।

10-ਟੈਕਸਾਂ ਨੂੰ ਕਦੇ ਨਾ ਭੁੱਲੋ:

ਕੀ ਤੁਹਾਡਾ ਪ੍ਰਾਪਰਟੀ ਟੈਕਸ ਤੁਹਾਡੀ ਮਾਰਗੇਜ਼ ਅਦਾਇਗੀ ਵਿੱਚ ਸ਼ਾਮਿਲ ਕੀਤਾ ਗਿਆ ਹੈ? ਜਾਂ ਤੁਸੀਂ ਇਸ ਨੂੰ ਆਪਣੇ ਤੌਰ ਤੇ ਸਾਲਾਨਾ ਅਦਾ ਕਰਿਆ ਕਰੋਗੇ? ਆਪਣੀ ਸਾਲਾਨਾ ਫ਼ੈਡਰਲ ਜਾਂ ਸਟੇਟ ਆਮਦਨ ਕਰ ਰਿਟਰਨ ਲਈ ਕਾਗਜ਼ਤ ਸੰਭਾਲ ਕੇ ਰੱਖੋ ਕਿਉਂਕਿ ਤੁਸੀਂ ਆਪਣੀ ਰਿਟਰਨ ਵਿੱਚੋਂ ਪ੍ਰਾਪਰਟੀ ਟੈਕਸ, ਪੋਇੰਟਸ, ਅਤੇ ਮਾਰਗੇਜ਼ ਉੱਤੇ ਅਦਾ ਕੀਤੇ ਵਿਆਜ਼ ਕਲੇਮ ਕਰ ਸਕਦੇ ਹੋ। ਇਸ ਸੰਬੰਧੀ ਤੁਸੀਂ ਟੈਕਸ ਭਰਨ ਵਾਲੇ ਅਕਾਊਂਟੈਂਟ ਤੋਂ ਸਲਾਹ ਲੈ ਸਕਦੇ ਹੋ। ਕਿਸੇ ਵੀ ਕਿਸਮ ਦੀ ਜਾਇਦਾਦ ਦੀ ਖ਼੍ਰੀਦੋ-ਫ਼ਰੋਖਤ ਦੀ ਵਧੇਰੇ ਜਾਣਕਾਰੀ ਲਈ ਮੈਨੂੰ ਜਾਣੀ ਹੀਰਾ ਰੰਧਾਵਾ, ਰੀਅਲ ਇਸਟੇਟ ਬਰੋਕਰ ਨੂੰ ਫੋਨ ਨੰਬਰ 416-319-0551 ਉੱਤੇ ਸੰਪਰਕ ਕਰ ਸਕਦੇ ਹੋ।







## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100 Ext. 348

# ਸੁਸ਼ਮਾ ਅਤੇ ਨਿਤੀਸ਼ ਨੂੰ ਅਜਿਹੀ ਆਸ ਨਹੀਂ ਸੀ




-ਆਰ ਰਮਾਸੇਸ਼ਨ-

ਸੁਸ਼ਮਾ ਸਵਰਾਜ ਦੀ ਕਿਸਮਤ ਉਸੇ ਦਿਨ ਸੀਲਬੰਦ ਹੋ ਗਈ ਸੀ, ਜਿਸ ਦਿਨ ਉਨ੍ਹਾਂ ਨੇ ਇਕਪਾਸੜ ਐਲਾਨ ਕਰ ਦਿੱਤਾ ਸੀ ਕਿ ਉਹ 2019 ਦੀਆਂ ਲੋਕ ਸਭਾ ਚੋਣਾਂ ਨਹੀਂ ਲੜੇਗੀ, ਕਿਉਂਕਿ ਉਨ੍ਹਾਂ ਦੀ ਸਿਹਤ ਇਸ ਦੀ ਇਜਾਜ਼ਤ ਨਹੀਂ ਦਿੰਦੀ। ਬਿਨਾਂ ਸ਼ੱਕ ਸੁਸ਼ਮਾ ਸਵਰਾਜ ਇੰਨੀ ਖਿੱਚੋਤਾਣ ਵਿੱਚ ਨਹੀਂ ਸੀ, ਜਿੰਨੀ ਉਹ 2016 'ਚ ਕਿਡਨੀ ਟਰਾਂਸਪਲਾਂਟ ਤੋਂ ਪਹਿਲਾਂ ਸੀ, ਪਰ ਇੱਕ ਪ੍ਰੈਸ ਕਾਨਫਰੰਸ ਵਿੱਚ ਆਜ਼ਾਦ ਤੌਰ ਉੱਤੇ ਉਨ੍ਹਾਂ ਦਾ ਇਹ ਐਲਾਨ ਕਰਨਾ ਕਿ ਉਹ ਚੋਣਾਂ ਲੜਨ ਲਈ ਤਿਆਰ ਨਹੀਂ ਹੈ, ਚੰਗੀ ਤਰ੍ਹਾਂ ਸੀਲਬੰਦ ਭਾਜਪਾ ਦੇ ਸ਼ਾਸਨ 'ਚ ਅਪਵਿੱਤਰੀ ਕਰਨ ਵਾਂਗ ਸੀ, ਜਿਸ ਦੀ ਅਗਵਾਈ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਕਰ ਰਹੇ ਸਨ। ਜੇ ਉਨ੍ਹਾਂ ਨੇ ਪ੍ਰਚਾਰ ਕਰਨ 'ਚ ਆਪਣੇ ਸਮਰਥ ਨਾ ਹੋਣ ਬਾਰੇ ਨੇਤਾਵਾਂ ਨੂੰ ਜਾਣੂ ਕਰਵਾ ਦਿੱਤਾ ਹੁੰਦਾ ਤਾਂ ਕਿਸੇ ਨੂੰ ਵੀ ਹੈਰਾਨੀ ਨਾ ਹੁੰਦੀ। ਫਿਰ ਜਿਸ ਦਿਨ ਮੋਦੀ ਤੇ ਸ਼ਾਹ ਨੇ ਮੰਤਰੀਆਂ ਦੇ ਨਾਵਾਂ ਨੂੰ ਅੰਤਿਮ ਰੂਪ ਦਿੱਤਾ, ਮੰਨਿਆ ਜਾਂਦਾ ਸੀ ਕਿ ਸੁਸ਼ਮਾ ਸਵਰਾਜ ਵਿਦੇਸ਼ ਮੰਤਰੀ ਵਜੋਂ ਵਾਪਸੀ ਕਰੇਗੀ ਅਤੇ ਸਰਕਾਰ ਦੀਆਂ ਵਿਸ਼ੇਸ਼ ਕਮੇਟੀਆਂ 'ਚ ਬਣੀ ਰਹੇਗੀ, ਜਿਨ੍ਹਾਂ 'ਚ ਵਿਦੇਸ਼ ਮੰਤਰੀ ਤੋਂ ਇਲਾਵਾ ਵਿੱਤ, ਰੱਖਿਆ ਅਤੇ ਗ੍ਰਹਿ ਮੰਤਰੀ ਸ਼ਾਮਲ ਹੁੰਦੇ ਹਨ। ਇਹ ਤੈਅ ਮੰਨਿਆ ਜਾ ਰਿਹਾ ਸੀ ਕਿ ਉਨ੍ਹਾਂ ਨੂੰ ਰਾਜ ਸਭਾ ਦੀ ਸੀਟ ਮਿਲ ਜਾਵੇਗੀ ਕਿਉਂਕਿ ਉਹ ਪਾਰਲੀਮੈਂਟ ਦੇ ਹੇਠਲੇ ਸਦਨ ਦੀ ਮੈਂਬਰ ਨਹੀਂ ਰਹੀ। ਇਹ ਕਿਸੇ ਅਜਿਹੇ ਵਿਅਕਤੀ ਲਈ ਇੱਕ ਪਾਤਰਤਾ ਵਾਂਗ ਹੈ, ਜਿਸ ਨੇ ਇੰਨੇ ਲੰਬੇ ਸਮੇਂ ਤੱਕ ਭਾਜਪਾ ਦੀ ਵਧੀਆ ਢੰਗ ਨਾਲ 'ਸੇਵਾ' ਕੀਤੀ ਹੋਵੇ।

ਫਿਰ ਵੀ ਸੁਸ਼ਮਾ ਸਵਰਾਜ ਨੂੰ ਹੌਲੀ ਹੌਲੀ ਹਟਾ ਦਿੱਤਾ ਗਿਆ। ਵਿਦੇਸ਼ ਮੰਤਰੀ ਵਜੋਂ ਉਨ੍ਹਾਂ ਦੀ ਪਾਰੀ ਦੀ ਸੋਸ਼ਲ ਮੀਡੀਆ 'ਤੇ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਨੇ ਟਵੀਟ ਦੇ ਰਾਹੀਂ ਮੋਦੀ ਦਾ ਧੰਨਵਾਦ ਕੀਤਾ, ਪਰ ਉਹ ਹੋ ਗਿਆ, ਜੋ ਟਾਲਿਆ ਨਹੀਂ ਜਾ ਸਕਦਾ ਸੀ। ਸੁਸ਼ਮਾ ਉਸ ਨੂੰ ਆਉਂਦਾ ਨਹੀਂ ਦੇਖ ਸਕੀ। ਉਸ ਨੇ ਸੋਚਿਆ ਕਿ ਜਿਵੇਂ ਅਤੀਤ 'ਚ ਹੁੰਦਾ ਸੀ, ਫਿਰ ਉਹੀ ਹੋਵੇਗਾ ਕਿ ਜਦੋਂ ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਕਿਨਾਰੇ ਕੀਤਾ ਜਾ ਰਿਹਾ ਹੈ, ਮੋਦੀ ਤੇ ਸ਼ਾਹ ਵੱਲੋਂ ਉਨ੍ਹਾਂ ਨੂੰ ਕੈਬਨਿਟ ਵਿੱਚ ਸ਼ਾਮਲ ਹੋਣ ਦਾ ਸੰਦੇਸ਼ ਮਿਲ ਜਾਂਦਾ ਸੀ। ਇਥੋਂ ਤੱਕ ਕਿ ਕੁਝ ਮੀਡੀਆ ਚੈਨਲਾਂ ਨੇ ਵੀ ਇਹ ਕਹਿ ਦਿੱਤਾ ਕਿ ਉਨ੍ਹਾਂ ਨਾਲ ਪਹਿਲਾਂ ਹੀ ਸੰਪਰਕ ਕੀਤਾ ਜਾ ਚੁੱਕਾ ਹੈ।

ਸੁਸ਼ਮਾ ਭਾਜਪਾ ਦੇ ਬਹੁਤ ਬਦਲ ਚੁੱਕੇ ਚਿਹਰੇ ਨੂੰ ਪੜ੍ਹ ਨਹੀਂ ਸਕੀ, ਜਿਸ ਵਿੱਚ ਲੀਡਰਸ਼ਿਪ ਕਿਸੇ ਉਸ ਵਿਅਕਤੀ ਨੂੰ ਅਹਿਮੀਅਤ ਦਿੰਦੀ ਹੈ, ਜਿਸ ਨੂੰ ਉਹ ਢੁਕਵਾਂ ਸਮਝਦੀ ਹੈ। ਸੁਸ਼ਮਾ ਸਵਰਾਜ ਮੱਧ ਪ੍ਰਦੇਸ਼ ਦੇ ਵਿਦਿਸ਼ਾ ਤੋਂ ਚੁਣੀ ਹੋਈ ਪਾਰਲੀਮੈਂਟ ਮੈਂਬਰ ਸੀ ਅਤੇ ਉਨ੍ਹਾਂ ਨੇ ਆਪਣੀ ਯੋਜਨਾ ਦਾ ਖੁਲਾਸਾ ਮੱਧ ਪ੍ਰਦੇਸ਼ ਦੀਆਂ ਚੋਣਾਂ ਦੌਰਾਨ ਇੰਦੌਰ ਤੋਂ ਮੀਡੀਆ ਦੇ ਸਾਹਮਣੇ ਕੀਤਾ। ਸੂਬੇ ਦੀਆਂ ਚੋਣਾਂ ਭਾਜਪਾ ਮੁਤਾਬਕ ਨਹੀਂ ਚੱਲ ਰਹੀਆਂ ਸਨ। ਸੁਸ਼ਮਾ ਨੇ ਆਪਣੀ ਪ੍ਰੈੱਸ ਕਾਨਫਰੰਸ ਵਿੱਚ ਦੋ ਬਿੰਦੂ ਉਠਾਏ। ਆਮ ਤੌਰ 'ਤੇ ਉਮੀਦਵਾਰਾਂ ਨੂੰ ਬਣਾਈ ਰੱਖਣ ਜਾਂ ਨਾਮਜ਼ਦ ਕਰਨ ਬਾਰੇ ਫੈਸਲਾ ਪਾਰਟੀ ਲੈਂਦੀ ਹੈ, ਪਰ ਜਿੱਥੋਂ ਤੱਕ ਸੁਸ਼ਮਾ ਦਾ ਸਵਾਲ ਹੈ, ਉਨ੍ਹਾਂ ਨੇ ਆਪਣਾ ਮਨ ਬਣਾ ਲਿਆ ਸੀ। ਦੂਜਾ ਉਨ੍ਹਾਂ ਕਿਹਾ ਕਿ ਉਹ ਸਿਆਸਤ ਤੋਂ ਸੰਨਿਆਸ ਨਹੀਂ ਲਵੇਗੀ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਜੇ ਭਾਜਪਾ ਕੇਂਦਰ ਵਿੱਚ ਸੱਤਾ ਵਿੱਚ ਵਾਪਸ ਆਉਂਦੀ ਹੈ ਤਾਂ ਸੁਸ਼ਮਾ ਅਹੁਦਾ ਸੰਭਾਲਣ ਲਈ ਮੌਜੂਦ ਹੈ। ਦਿੱਲੀ ਤੇ ਭੋਪਾਲ ਵਿੱਚ ਭਾਜਪਾ ਦੇ ਚੋਟੀ ਦੇ ਨੇਤਾ ਸੁਸ਼ਮਾ ਵੱਲੋਂ ਆਪਣੀ ਯੋਜਨਾ ਦਾ ਖੁਲਾਸਾ ਕਰਨ ਲਈ ਰੱਖੇ ਸਮੇਂ ਤੇ ਸਥਾਨ ਤੋਂ ਹੈਰਾਨ ਰਹਿ ਗਏ। ਕਹਿਣ ਦੀ ਲੋੜ ਨਹੀਂ ਕਿ ਮੋਦੀ ਤੇ ਸ਼ਾਹ ਨੇ ਇਸ ਦਾ ਨੋਟਿਸ ਲਿਆ, ਕੋਈ ਪ੍ਰਤੀਕਿਰਿਆ ਨਹੀਂ ਦਿੱਤੀ, ਪਰ ਇਹ ਗੱਲ ਉਨ੍ਹਾਂ ਦੇ ਦਿਮਾਗ ਵਿੱਚ ਬੈਠ ਗਈ।

ਇਸ ਮੌਕੇ ਸੁਸ਼ਮਾ ਸਵਰਾਜ ਨੇ ਭਾਜਪਾ 'ਚ ਆਪਣੇ ਉਭਾਰ ਦਾ ਸਿਹਰਾ ਮੁੱਢਲੇ ਤੌਰ 'ਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਦਿੱਤਾ, ਜਿਨ੍ਹਾਂ ਨੇ ਵਾਜਪਾਈ ਮੰਤਰੀ ਮੰਡਲ ਵਿੱਚ ਸੁਸ਼ਮਾ ਲਈ ਬਿਹਤਰੀਨ ਮੰਤਰਾਲਾ ਚੁਣਨ ਵਿੱਚ ਆਪਣੀ ਭੂਮਿਕਾ ਨਿਭਾਈ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਸਪੱਸ਼ਟ ਤੇ ਸਮਝਦਾਰ ਸੀ, ਪਰ ਸਮਝ ਕਦੇ ਵੀ ਉਨ੍ਹਾਂ ਦਾ ਮਜ਼ਬੂਤ ਨੁਕਤਾ ਨਹੀਂ ਰਿਹਾ। ਜਦ 2014 ਦੀਆਂ ਚੋਣਾਂ ਵਿੱਚ ਭਾਜਪਾ ਨੇ ਜਿੱਤ ਹਾਸਲ ਕੀਤੀ ਸੀ ਤਾਂ ਸੁਸ਼ਮਾ ਨੇ ਉਸ ਨੂੰ 'ਸ਼ੁੱਧ ਭਾਜਪਾ ਦੀ ਜਿੱਤ' ਕਿਹਾ ਸੀ ਅਤੇ ਮੋਦੀ ਦੀ ਲੀਡਰਸ਼ਿਪ, ਭੂਮਿਕਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਅਜੇ ਵੀ ਸੁਸ਼ਮਾ ਦੇ ਪ੍ਰਸ਼ੰਸਕਾਂ ਦਾ ਮੰਨਣਾ ਹੈ ਕਿ ਉਹ ਬਾਹਰ ਨਹੀਂ ਹੋਈ। 2022 ਵਿੱਚ ਜਦੋਂ ਭਾਰਤ ਦਾ ਅਗਲਾ ਰਾਸ਼ਟਰਪਤੀ ਚੁਣਨ ਦਾ ਸਮਾਂ ਆਵੇਗਾ ਤਾਂ ਉਹ ਸਨਮਾਨ ਦੇ ਨਾਲ ਵਾਪਸੀ ਕਰੇਗੀ।

ਮੌਜੂਦਾ ਭਾਜਪਾ ਵਿੱਚ ਹੰਕਾਰ ਕਿਸੇ ਵਿਅਕਤੀ ਨੂੰ ਬਹੁਤੀ ਦੂਰ ਨਹੀਂ ਲਿਜਾ ਸਕਦਾ, ਖਾਸ ਕਰ ਕੇ ਉਨ੍ਹਾਂ ਲੋਕਾਂ ਨੂੰ, ਜਿਹੜੇ ਆਪਣੇ ਬਾਰੇ ਭੁਲੇਖੇ ਪਾਲੀ ਬੈਠੇ ਹਨ। ਇਹ ਗੱਲ ਜੈਪ੍ਰਕਾਸ਼ ਨਾਰਾਇਣ ਦੀ 'ਪੂਰਨ ਕ੍ਰਾਂਤੀ' ਦੇ ਦਿਨਾਂ ਵਿੱਚ ਸੁਸ਼ਮਾ ਦੇ ਸਿਆਸੀ ਸਹਿਯੋਗੀ ਰਹੇ ਨਿਤੀਸ਼ ਕੁਮਾਰ ਨੂੰ ਜਾਣਨੀ ਚਾਹੀਦੀ ਹੈ। ਨਿਮਰਤਾ ਕਦੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਗੁਣ ਨਹੀਂ ਰਹੀ। ਇਸ ਦੀ ਥਾਂ ਉਨ੍ਹਾਂ ਦਾ ਕਰੀਅਰ ਉਤਰਾਅ-ਚੜ੍ਹਾਅ ਵਾਲਾ ਰਿਹਾ। ਨਿਤੀਸ਼ ਦੇ ਮਾਣਮੱਤੇ ਪਲ ਜ਼ਿਆਦਾਤਰ ਉਦੋਂ ਆਏ, ਜਦੋਂ ਉਨ੍ਹਾਂ ਨੇ ਆਪਣੀ ਪਾਰਟੀ ਜਨਤਾ ਦਲ (ਯੂ) ਨੂੰ ਭਾਜਪਾ ਨਾਲ ਜੋੜਿਆ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅਮਿਤ ਸ਼ਾਹ ਨੇ ਉਨ੍ਹਾਂ 13 ਸੀਟਾਂ ਦੀ ਕਿਲੇਬੰਦੀ ਕਰ ਲਈ, ਜਿਨ੍ਹਾਂ 'ਤੇ ਭਾਜਪਾ 2014 ਵਿੱਚ ਲੜੀ ਸੀ ਤਾਂ ਕਿ ਬਿਹਾਰ 'ਚ ਚਾਲੀ ਸੀਟਾਂ ਵਿੱਚੋਂ ਬਰਾਬਰੀ ਦੀ ਨਿਤੀਸ਼ ਦੀ ਮੰਗ ਪੂਰੀ ਕੀਤੀ ਜਾ ਸਕੇ। ਭਾਜਪਾ ਤੇ ਜਨਤਾ ਦਲ (ਯੂ) ਦੋਵਾਂ ਨੇ 17-17 ਸੀਟਾਂ 'ਤੇ ਚੋਣ ਲੜੀ, ਛੇ ਸੀਟਾਂ ਰਾਮ ਵਿਲਾਸ ਪਾਸਵਾਨ ਦੀ ਲੋਕ ਜਨ ਸ਼ਕਤੀ ਪਾਰਟੀ ਲਈ ਛੱਡ ਦਿੱਤੀਆਂ। ਜਦੋਂ ਮੰਤਰੀ ਅਹੁਦੇ ਵੰਡੇ ਗਏ ਤਾਂ ਮੋਦੀ ਅਤੇ ਸ਼ਾਹ ਨੇ ਇੱਕ ਪੈਮਾਨਾ ਤਿਆਰ ਕਰ ਲਿਆ ਕਿ ਹਰ ਸਹਿਯੋਗੀ ਨੂੰ ਇੱਕ ਮੰਤਰਾਲਾ ਦਿੱਤਾ ਜਾਵੇਗਾ। ਉਨ੍ਹਾਂ ਨੇ ਇਸ ਦਾ ਧਿਆਨ ਨਹੀਂ ਕੀਤਾ ਕਿ ਕਿਸ ਪਾਰਟੀ ਨੇ ਕਿੰਨੀਆਂ ਸੀਟਾਂ ਜਿੱਤੀਆਂ ਹਨ। ਨਿਤੀਸ਼ ਨੇ 17 ਸੀਟਾਂ 'ਤੇ ਚੋਣ ਲੜੀ ਤੇ 16 ਜਿੱਤ ਲਈਆਂ। ਇਸ ਲਈ ਉਨ੍ਹਾਂ ਨੇ 'ਸੰਕੇਤਿਕ' ਤੌਰ ਉਤੇ ਇੱਕ ਮੰਤਰਾਲਾ ਲੈਣ ਨੂੰ ਆਪਣਾ ਅਪਮਾਨ ਸਮਝਿਆ ਅਤੇ ਨਾਂਹ ਕਰ ਦਿੱਤੀ। ਉਨ੍ਹਾਂ ਨੇ ਬਿਹਾਰ 'ਚ ਐਨ ਡੀ ਏ ਗੱਠਜੋੜ ਦੀ ਜ਼ਬਰਦਸਤ ਜਿੱਤ ਨੂੰ ਲੋਕਾਂ ਦੀ ਜਿੱਤ ਦੱਸਿਆ ਤੇ ਕਿਹਾ ਕਿ ਜੇ ਕੋਈ ਨਤੀਜਿਆਂ ਨੂੰ 'ਨਿੱਜੀ ਜਿੱਤ' ਦੱਸਦਾ ਹੈ ਤਾਂ ਭੁਲੇਖੇ 'ਚ ਹੈ।

ਮੋਦੀ ਤੇ ਸ਼ਾਹ ਇਸ ਤੋਂ ਬੇਚੈਨ ਨਹੀਂ ਹੋਏ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ 2020 ਵਿੱਚ ਵਿਧਾਨ ਸਭਾ ਚੋਣਾਂ ਵੇਲੇ ਨਿਤੀਸ਼ ਕੁਮਾਰ ਕੋਲ ਭਾਜਪਾ ਨਾਲ ਜੁੜੇ ਰਹਿਣ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਹੋਵੇਗਾ।

# ਪੰਜਾਬੀ ਗਾਇਕੀ ਦੇ ਬਨੇਰੇ ਦੀ ਬੱਤੀ

-ਦਰਦੀ ਸਰਬਜੀਤ-

ਸ਼ਮਸ਼ਾਦ ਬੇਗਮ ਉਹ ਗਾਇਕਾ ਹੈ, ਜਿਸ ਨੇ ਆਪਣੇ ਗੀਤਾਂ ਨਾਲ ਪੰਜਾਬੀਅਤ ਦੀ ਖੁਸ਼ਬੋ ਦੂਰ ਤੱਕ ਪੁਚਾਈ। ਅੱਜ ਵੀ ਉਨ੍ਹਾਂ ਵੱਲੋਂ ਗਾਏ ਗੀਤਾਂ ਨੂੰ ਪਹਿਲਾਂ ਵਾਂਗ ਸੁਣਿਆ ਜਾਂਦਾ ਹੈ। ਭਾਵੇਂ ਅੱਜ ਉਹ ਸਾਡੇ ਵਿਚਕਾਰ ਨਹੀਂ, ਪਰ ਉਨ੍ਹਾਂ ਦੀ ਸੁਰੀਲੀ ਆਵਾਜ਼ ਹਮੇਸ਼ਾ ਆਪਣੀ ਮੌਜੂਦਗੀ ਦਾ ਅਹਿਸਾਸ ਕਰਾਉਂਦੀ ਰਹਿੰਦੀ ਹੈ। ਸ਼ਮਸ਼ਾਦ ਬੇਗਮ ਨੇ 14 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਖੇ ਪਹਿਲੀ ਕਿਲਕਾਰੀ ਮਾਰੀ। ਜਨਮ ਤੋਂ 18 ਸਾਲ ਬਾਅਦ ਉਨ੍ਹਾਂ ਨੇ ਆਪਣੀ ਗਾਇਕੀ ਦਾ ਆਗਾਜ਼ 16 ਦਸੰਬਰ 1937 ਨੂੰ ਆਲ ਇੰਡੀਆ ਰੇਡੀਓ ਲਾਹੌਰ ਤੋਂ ਸ਼ੁਰੂ ਕੀਤਾ। ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਗਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਸ਼ਮਸ਼ਾਦ ਬੇਗਮ ਨੇ ਆਪਣੇ ਪਿਤਾ ਨੂੰ ਇਹ ਬਚਨ ਦਿੱਤਾ ਕਿ ਉਹ ਕੈਮਰੇ ਦੀਆਂ ਨਜ਼ਰਾਂ ਤੋਂ ਦੂਰ ਰਹੇਗੀ। 1970 ਤੱਕ ਇਹ ਗਾਇਕਾ ਵੱਡੇ ਪਰਦੇ ਜਾਂ ਕੈਮਰੇ ਦੇ ਸਾਹਮਣੇ ਨਹੀਂ ਆਈ। ਉਨ੍ਹਾਂ ਨੇ ਜਿਉਂਦੇ ਜੀਅ ਕਿਸੇ ਅਖਬਾਰ ਜਾਂ ਮੈਗਜ਼ੀਨ ਵਿੱਚ ਕਦੇ ਆਪਣੀ ਤਸਵੀਰ ਨਾ ਛਪਵਾਈ। ਉਨ੍ਹਾਂ ਨੇ ਆਪਣੀ ਪਛਾਣ ਚਿਹਰੇ ਨਹੀਂ, ਆਪਣੀ ਸੁਰੀਲੀ ਆਵਾਜ਼ ਨਾਲ ਬਣਾਈ, ਜੋ ਸੰਗੀਤ ਪ੍ਰੇਮੀਆਂ ਦੇ ਧੁਰ ਤੱਕ ਉਤਰ ਗਈ। ਉਨ੍ਹਾਂ ਨੇ ਆਪਣੇ ਪੂਰੇ ਜੀਵਨ ਵਿੱਚ ਸਿਰਫ ਦੋ ਇੰਟਰਵਿਊ ਦਿੱਤੇ। ਪਹਿਲੀ 1980 ਤੇ ਦੂਜੀ 2012 ਵਿੱਚ। ਹੌਲੀ-ਹੌਲੀ ਗਾਇਕੀ ਦੇ ਖੇਤਰ ਵਿੱਚ ਅੱਗੇ ਵਧਦੀ ਇਸ ਗਾਇਕਾ ਦੀ ਕਸਕ ਤੇ ਜਾਦੂਭਰੀ ਆਵਾਜ਼ ਦਾ ਪ੍ਰਭਾਵ ਉਘੇ ਸੰਗੀਤਕਾਰ ਮਾਸਟਰ ਗੁਲਾਮ ਹੈਦਰ 'ਤੇ ਪਿਆ। ਇਸ ਸੰਗੀਤਕਾਰ ਨੇ ਉਸ ਨੂੰ ਸਹਾਇਕ ਗਾਇਕਾ ਵੱਜੋਂ ਫਿਲਮ 'ਜੱਟ' ਵਿੱਚ ਗੀਤ ਗਾਉਣ ਦਾ ਮੌਕਾ ਦੇ ਦਿੱਤਾ। 'ਪੰਚੋਲੀ ਆਰਟ ਬੈਨਰ' ਦੀ ਰਹਿਨੁਮਾਈ ਵਿੱਚ ਤਿਆਰ ਹੋਈ ਫਿਲਮ 'ਹੀਰੋ' ਦੇ ਵਲੀ ਸਾਹਿਬ ਵੱਲੋਂ ਲਿਖੇ ਗੀਤ 'ਕਣਕਾਂ ਦੀਆਂ ਫਸਲਾਂ ਪੱਕੀਆਂ ਨੇ', 'ਸੁਪਨੇ ਵਿੱਚ ਸੁਪਨਾ ਤੱਕਿਆ', 'ਆ ਦੁੱਖੜੇ ਫੋਲ', 'ਤੁਸੀਂ ਅੱਖੀਆਂ ਦਾ ਮੇਲ ਕਰਲੋ' ਆਦਿ ਬਹੁਤ ਪਸੰਦ ਕੀਤੇ ਗਏ। ਜਦੋਂ ਉਨ੍ਹਾਂ ਦੀ ਗਾਇਕੀ ਤਰੱਕੀ ਦੇ ਰਾਹ ਸਵਾਰ ਹੋਈ ਤਾਂ ਉਨ੍ਹਾਂ ਦਾ ਸੰਗੀਤਕਾਰ ਗੁਲਾਮ ਹੈਦਰ ਦੇ ਸੰਗੀਤ ਨਾਲ ਨਹੁੰ ਮਾਸ ਦਾ ਰਿਸ਼ਤਾ ਬਣਿਆ। ਸਾਲ 1941 ਵਿੱਚ ਸ਼ਮਸ਼ਾਦ ਬੇਗਮ ਨੇ 'ਚੌਧਰੀ' ਫਿਲਮ ਵਿੱਚ ਉਨ੍ਹਾਂ ਵੱਲੋਂ ਤਿਆਰ ਕੀਤੇ ਸੰਗੀਤ 'ਚ ਗੀਤਕਾਰ ਐਫ ਡੀ ਸਰਫ ਦੇ ਲਿਖੇ ਦੋ ਖੂਬਸੂਰਤ ਨਗਮੇ ਗਏ, ਜੋ ਬੇਹੱਦ ਪਸੰਦ ਕੀਤੇ ਗਏ। ਉਨ੍ਹਾਂ ਨੇ ਫਿਰ ਇਸੇ ਸੰਗੀਤਕਾਰ ਦੇ ਸੰਗੀਤ 'ਚ ਵਲੀ ਸਾਹਿਬ ਦੇ ਸਿਰਜੇ ਗੀਤ 'ਮੋਹੇ ਭਾਬੀ ਲਾ ਦੋ ਭਈਆ', 'ਸਾਵਨ ਕੇ ਨਜ਼ਾਰੇ ਹੈਂ', 'ਤੇਰੀ ਆਂਖੇ ਹੈਂ ਮਦ ਕੀ ਪਿਆਲੀ', 'ਏਕ ਕਲੀ ਨਾਜ਼ੋ ਸੇ ਪਲੀ', 'ਨੈਨੋ ਕੇ ਬਾਨ ਕੀ ਪ੍ਰੀਤ ਅਨੋਖੀ' ਆਦਿ ਨਗਮੇ ਗਏ ਜੋ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤੇ ਗਏ।

1942 ਅਤੇ 1943 ਵਿੱਚ ਪੰਜਾਬ ਦੀ ਇਸ ਧੀ ਨੇ 'ਦੁਨੀਆਂ ਮੇਂ ਗਰੀਬੋਂ ਕੋ ਅਰਾਮ ਨਹੀਂ ਮਿਲਤਾ' (ਫਿਲਮ ਜ਼ਿਮੀਂਦਾਰ), 'ਮੇਰੀ ਹਾਲ ਪਰ ਬੇਬਸੀ ਹੋ ਰਹੀ ਹੈ' (ਪੂੰਜੀ), 'ਗਾੜੀ ਵਾਲੇ ਦੁਪੱਟਾ ਉੜਾ ਜਾਏ ਰੇ' ਗੀਤਾਂ ਨਾਲ ਵੀ ਸਰੋਤਿਆਂ ਦੇ ਦਿਲਾਂ 'ਤੇ ਰਾਜ ਕੀਤਾ। ਮਾਸਟਰ ਗੁਲਾਮ ਹੈਦਰ ਦੇ ਸੰਗੀਤ ਤੋਂ ਬਿਨਾ ਸ਼ਮਸ਼ਾਦ ਬੇਗਮ ਨੇ ਆਪਣੀ ਆਵਾਜ਼ ਦਾ ਜਾਦੂ ਸੰਗੀਤਕਾਰਾਂ ਸ਼ਿਆਮ ਸੁੰਦਰ, ਨੌਸ਼ਾਦ ਅਲੀ, ਐਸ ਡੀ ਬਰਮਨ, ਵਿਨੋਦ ਹੰਸ ਰਾਜ ਬਹਿਲ, ਸਜਾਦ ਹੁਸੈਨ, ਗੁਲਾਮ ਮੁਹੰਮਦ, ਸ੍ਰੀ ਰਾਮ ਚੰਦਰ, ਭਗਤ ਰਾਮ, ਓ ਪੀ ਨਈਅਰ, ਪੰਡਿਤ ਹੁਸਨ ਲਾਲ, ਪੰਡਿਤ ਖੇਮ ਚੰਦ ਪ੍ਰਕਾਸ਼, ਅਨਿਲ ਬਿਸਵਾਸ, ਸਰਦੂਲ ਕਵਾਤੜਾ, ਐਸ ਮੋਹਿੰਦਰ, ਅੱਲਾ ਰੱਖਾ ਕੁਰੈਸ਼ੀ ਆਦਿ ਦੇ ਸੰਗੀਤ ਵਿੱਚ ਵੀ ਭਰਿਆ ਹੈ।

ਸਰੋਤਿਆਂ ਅੱਗੇ ਸਦਾ ਚੰਗੇ ਗੀਤ ਪੇਸ਼ ਕਰਨ ਵਾਲੀ ਅਤੇ ਤਾਮਿਲ, ਰਾਜਸਥਾਨੀ, ਭੋਜਪੁਰੀ, ਹਿੰਦੀ, ਪੰਜਾਬੀ ਅਤੇ ਹੋਰ ਵੀ ਭਾਸ਼ਾਵਾਂ ਵਿੱਚ ਗੀਤ ਗਾਉਣ ਵਾਲੀ ਸ਼ਮਸ਼ਾਦ ਬੇਗਮ 1955 ਵਿੱਚ ਆਪਣੇ ਜੀਵਨ ਸਾਥੀ ਦੇ ਗੁਜ਼ਰ ਜਾਣ 'ਤੇ ਕਾਫੀ ਉਦਾਸ ਰਹਿਣ ਲੱਗੀ। ਇਸ ਨਾਲ ਉਸ ਦੀ ਜ਼ਿੰਦਗੀ 'ਚ ਕਾਫੀ ਉਤਰਾਅ ਚੜ੍ਹਾਅ ਆਏ। ਅਜਿਹੇ ਵਿੱਚ ਉਨ੍ਹਾਂ ਗੀਤ ਗਾਉਣੇ ਘੱਟ ਕਰ ਦਿੱਤੇ। 1960 ਦੇ ਆਸ ਪਾਸ ਉਨ੍ਹਾਂ ਨੇ ਸੰਗੀਤਕ ਖੇਤਰ ਤੋਂ ਕਿਨਾਰਾ ਕਰ ਲਿਆ ਸੀ, ਪਰ ਸੰਗੀਤਕਾਰ ਓ ਪੀ ਨਈਅਰ ਨੇ 1966 ਵਿੱਚ ਸ਼ਮਸ਼ਾਦ ਬੇਗਮ ਨੂੰ ਫਿਲਮ 'ਕਿਸਮਤ' ਵਿੱਚ ਆਸ਼ਾ ਭੋਸਲੇ ਨਾਲ 'ਕਜ਼ਰਾ ਮੁਹੱਬਤ ਵਾਲਾ' ਗੀਤ ਗਾਉਣ ਲਈ ਜ਼ੋਰ ਪਾ ਕੇ ਹਾਂ ਕਰਵਾਈ। ਇਹ ਗੀਤ ਐਨਾ ਹਿੱਟ ਹੋਇਆ ਕਿ ਇਹ ਸਭ ਸੰਗੀਤ ਪ੍ਰੇਮੀਆਂ ਤੇ ਕਲਾ ਪ੍ਰੇਮੀਆਂ ਦੀ ਜ਼ੁਬਾਨ ਦਾ ਸ਼ਿੰਗਾਰ ਬਣਿਆ। ਇਸ ਨੇ ਸ਼ਮਸ਼ਾਦ ਬੇਗਮ ਦੀ ਸੁੰਨੀ ਜ਼ਿੰਦਗੀ ਵਿੱਚ ਰੌਣਕ ਭਰ ਦਿੱਤੀ।

ਉਨ੍ਹਾਂ ਵੱਲੋਂ ਗਾਇਕੀ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ 26 ਜਨਵਰੀ 2009 ਨੂੰ ਰਾਸ਼ਟਰਪਤੀ ਭਵਨ ਵਿਖੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ 'ਪਦਮ ਭੂਸ਼ਨ' ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। 1998 ਵਿੱਚ ਉਨ੍ਹਾਂ ਦਾ ਦੇਹਾਂਤ ਹੋਣ ਦੀ ਖਬਰ ਜੰਗਲ 'ਚ ਲੱਗੀ ਅੱਗ ਵਾਂਗ ਫੈਲ ਗਈ, ਜਦੋਂ ਕਿ ਉਹ ਬਿਲਕੁਲ ਤੰਦਰੁਸਤ ਸਨ। ਅਖਬਾਰਾਂ ਵਿੱਚ ਉਨ੍ਹਾਂ ਦੀ ਮੌਤ ਦੀਆਂ ਖਬਰਾਂ ਛਪ ਗਈਆਂ। ਉਦੋਂ ਮੌਤ ਅਦਾਕਾਰਾ ਸ਼ਾਇਰਾ ਬਾਨੋ ਦੀ ਨਾਨੀ ਦੀ ਹੋਈ ਸੀ, ਜਿਸ ਦਾ ਨਾਂ 'ਸ਼ਮਸ਼ਾਦ ਵਾਹਿਦ ਖਾਨ' ਸੀ। ਮਿਲਦੇ ਜੁਲਦੇ ਨਾਂ ਹੋਣ ਕਾਰਨ ਵੱਡਾ ਭੁਲੇਖਾ ਪੈ ਗਿਆ ਸੀ। ਪੁਸ਼ਟੀ ਹੋਣ 'ਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਨੇ ਸੁੱਖ ਦਾ ਸਾਹ ਲਿਆ। ਪੂਰੀ ਜ਼ਿੰਦਗੀ ਸੰਗੀਤ ਸੇਵਾ ਕਰਨ ਬਦਲੇ ਉਨ੍ਹਾਂ ਨੂੰ ਓ ਪੀ ਨਈਅਰ ਫਾਊਂਡੇਸ਼ਨ ਨੇ ਐਵਾਰਡ ਨਾਲ ਸਨਮਾਨਤ ਕੀਤਾ ਤਾਂ ਉਨ੍ਹਾਂ ਨੇ ਇਸ ਪੁਰਸਕਾਰ ਨੂੰ ਸਵੀਕਾਰ ਕਰ ਲਿਆ, ਪਰ ਇਸ ਨਾਲ ਮਿਲੀ ਰਕਮ ਲੈਣ ਤੋਂ ਇਨਕਾਰ ਕਰਦਿਆਂ ਇਹ ਰਾਸ਼ੀ ਲੋੜਵੰਦਾਂ ਅਤੇ ਗਰੀਬਾਂ ਨੂੰ ਦਾਨ ਕਰਨ ਲਈ ਦੇ ਦਿੱਤੀ।

ਸ਼ਮਸ਼ਾਦ ਬੇਗਮ ਵੱਲੋਂ ਗਾਏ ਹਰ ਗੀਤ ਨੂੰ ਸਰੋਤਿਆਂ ਨੇ ਰੱਜਵਾਂ ਪਿਆਰ ਦਿੱਤਾ। ਉਨ੍ਹਾਂ ਵੱਲੋਂ ਗਾਏ ਪੰਜਾਬੀ ਦੇ ਪ੍ਰਸਿੱਧ ਗੀਤਾਂ ਵਿੱਚ ਸ਼ਾਮਲ ਹਨ:

ਤੁਣਕਾ-ਤੁਣਕਾ ਮਾਰ ਕੇ
ਦੋ ਨੈਣਾਂ ਦਾ ਤੀਰ ਸਾਡਾ ਕਲੇਜਾ ਗਿਆ ਚੀਰ
...........
ਬੱਤੀ ਬਾਲ ਕੇ ਬਨੇਰੇ ਉਤੇ ਰੱਖਦੀ ਆਂ
............
ਛੱਡ ਦੇ ਤੂੰ ਮੇਰਾ ਦੁਪੱਟਾ ਸੁਣ ਮਾਝੇ ਦਿਆ ਜੱਟਾ
............
ਮੈਂ ਤੇ ਸਾਂ ਮਲੂਕ ਜਿਹੀ ਜੱਟ ਪੱਲੇ ਪੈ ਗਿਆ
............
ਨੀ ਟੁੱਟ ਜਾਏ ਰੇਲ ਗੱਡੀਏ
.............
ਆਇਆ ਨਾ ਚੰਨ ਬੀਤੀ ਏ ਬਹਾਰ
.............
ਕੱਚੀ ਟੁੱਟੀ ਗਈ ਜਿਨ੍ਹਾਂ ਦੀ ਯਾਰੀ
................
ਗੁੜ ਖਾਂਦੀ ਤੇ ਨਾਲੇ ਗੰਨੇ ਚੂਪਦੀ
.............
ਰੁੱਤ ਭੰਗੜਾ ਪਾਉਣ ਦੀ ਆਈ
..............
ਚਿੱਟੇ-ਚਿੱਟੇ ਬੱਦਲਾਂ ਦੀ ਛਾਂ ਡੋਲਦੀ
.............
ਮੈਂ ਜੱਟੀ ਪੰਜਾਬ ਦੀ ਮੇਰਾ ਰੇਸ਼ਮ ਵਰਗਾ ਲੱਕ

ਸ਼ਮਸ਼ਾਦ ਬੇਗਮ ਨੇ ਪੰਜਾਬੀ ਗੀਤਾਂ ਤੋਂ ਇਲਾਵਾ ਕਈ ਹਿੰਦੀ ਫਿਲਮਾਂ ਵਿੱਚ ਵੀ ਅਨੇਕਾਂ ਗੀਤ ਗਾਏ, ਜੋ ਬਹੁਤ ਮਕਬੂਲ ਹੋਏ। ਉਨ੍ਹਾਂ ਵਿੱਚ ਹਨ:

ਆਨਾ ਮੇਰੀ ਜਾਨ ਸੰਡੇ ਕੇ ਸੰਡੇ (ਸ਼ਹਿਨਾਈ)
ਮੇਰੇ ਪੀਆ ਗਏ ਰੰਗੂਨ (ਪਤੰਗਾ)
ਸਈਆਂ ਦਿਲ ਮੇਂ ਆਨਾ ਰੇ (ਬਹਾਰ)
ਕਭੀ ਆਰ ਕਭੀ ਪਾਰ ਲਾਗਾ ਤੀਰ-ਏ-ਨਜ਼ਰ (ਆਰ ਪਾਰ)
ਬੂਝ ਮੇਰਾ ਕਿਆ ਨਾਓ ਰੇ (ਸੀ ਆਈ ਡੀ)
ਗਾੜੀ ਵਾਲੇ ਗਾੜੀ ਧੀਰੇ ਹਾਂਕ ਰੇ (ਮਦਰ ਇੰਡੀਆ)
ਕਜ਼ਰਾ ਮੁਹੱਬਤ ਵਾਲਾ (ਕਿਸਮਤ)

ਆਪਣੇ ਗੀਤਾਂ ਨਾਲ ਅਮਰ ਹੋਣ ਵਾਲੀ ਇਸ ਗਾਇਕਾ ਨੇ 23 ਅਪ੍ਰੈਲ 2013 ਨੂੰ ਭੌਤਿਕ ਸੰਸਾਰ ਨੂੰ ਤਿਆਗ ਦਿੱਤਾ। ਪਰ ਉਨ੍ਹਾਂ ਦੀ ਆਵਾਜ਼ ਦਾ ਜਾਦੂ ਰਹਿੰਦੀ ਦੁਨੀਆ ਤੱਕ ਚੱਲਦਾ ਰਹੇਗਾ।

## ਮਿੰਨੀ ਕਹਾਣੀ

### ਪੱਥਰ ਅਤੇ ਫੁੱਲ

-ਡਾਕਟਰ ਮਨਜੀਤ ਸਿੰਘ ਬੱਲ

ਔਰਤਾਂ ਦੇ ਹੱਕਾਂ ਦੀ ਰਾਖੀ ਲਈ ਬਣੇ ਸੰਗਠਨ ਦੀ ਜ਼ਿਲ੍ਹਾ ਪ੍ਰਧਾਨ ਕਮਲਾ ਦੇਵੀ ਵੱਡੇ ਇਕੱਠ ਵਿੱਚ ਧੂੰਆਂਧਾਰ ਭਾਸ਼ਣ ਕਰ ਰਹੀ ਸੀ, ''ਮੇਰੀਓ ਭੈਣੋ ਅਤੇ ਪੰਜਾਬ ਦੀਓ ਧੀਓ। ਤੁਹਾਨੂੰ ਪਤਾ ਹੈ ਕਿ ਏਕੇ ਵਿੱਚ ਬੜੀ ਬਰਕਤ ਹੁੰਦੀ ਹੈ। ਜਿਹੜਾ ਵੀ ਸੰਗਠਨ ਇਕਮੁਠ ਹੋ ਕੇ ਆਪਣੇ ਹੱਕਾਂ ਲਈ ਜੂਝਦਾ ਹੈ, ਉਸ ਨੂੰ ਕਾਮਯਾਬੀ ਮਿਲ ਹੀ ਜਾਂਦੀ ਹੈ। ਸਰਕਾਰ ਨੂੰ ਆਖਰ ਸਾਡੇ ਰਾਖਵੇਂਕਰਨ ਦੀ ਮੰਗ ਅੱਗੇ ਝੁਕਣਾ ਹੀ ਪੈਣਾ ਹੈ। ਇਹ ਹੱਕ ਅਸੀਂ ਲੈ ਕੇ ਹੀ ਰਹਿਣਾ ਹੈ?''

''ਮਹਿਲਾ ਸੰਗਠਨ ਜ਼ਿੰਦਾਬਾਦ। ਕਮਲਾ ਦੇਵੀ ਜ਼ਿੰਦਾਬਾਦ।'' ਦੇ ਨਾਅਰੇ ਗੂੰਜਣ ਲੱਗੇ।

''ਦਾਜ ਦੇ ਲੋਭੀ ਸੁਣ ਲੈਣ। ਜਿਹੜਾ ਵਿਅਕਤੀ ਦਾਜ ਬਦਲੇ ਕਿਸੇ ਧੀ ਨੂੰ ਤੰਗ ਕਰੇਗਾ...ਸਾਡਾ ਸੰਗਠਨ ਉਸ ਦੇ ਬੂਹੇ ਅੱਗੇ ਸਿਆਪਾ ਕਰੇਗਾ।''

'ਮਹਿਲਾ ਸੰਗਠਨ ਜ਼ਿੰਦਾਬਾਦ। ਕਮਲਾ ਦੇਵੀ ਜ਼ਿੰਦਾਬਾਦ।''

''ਮੈਂ ਉਨ੍ਹਾਂ ਡਾਕਟਰਾਂ ਨੂੰ ਚਿਤਾਵਨੀ ਦੇਣਾ ਚਾਹੁੰਦੀ ਹਾਂ, ਜੋ ਅਲਟਰਾਸਾਊਂਡ ਦੀ ਰਿਪੋਰਟ ਵਿੱਚ ਦੱਸਦੇ ਨੇ ਕਿ ਪੇਟ ਅੰਦਰ ਲੜਕੀ ਹੈ ਜਾਂ ਲੜਕਾ। ਅਜਿਹੇ ਡਾਕਟਰਾਂ ਵਿਰੁੱਧੋ ਸਾਡਾ ਸੰਗਠਨ ਯੁੱਧ ਛੇੜੇਗਾ।'' ਗੂੰਜਦੇ ਨਾਅਰਿਆਂ ਵਿੱਚ ਕਮਲਾ ਦੇਵੀ ਨੇ ਆਪਣਾ ਭਾਸ਼ਣ ਖਤਮ ਕੀਤਾ। ਜੋਸ਼ੀਲੇ ਭਾਸ਼ਣ ਨਾਲ ਥੱਕੀ ਹੋਈ ਉਹ ਘਰ ਪੁੱਜ ਕੇ ਆਰਾਮ ਨਾਲ ਲੇਟ ਗਈ।

''ਝਾਈ ਜੀ ਚਾਹ ਲਿਆਵਾਂ?'' ਆਗਿਆਕਾਰੀ ਪੁੱਤਰ ਅਨਿਲ ਨੇ ਕਮਲਾ ਦੇਵੀ ਦੀਆਂ ਲੱਤਾਂ ਘੁਟਦਿਆਂ ਪੁੱਛਿਆ।

''ਤੇਰੀ ਵਹੁਟੀ ਨੂੰ ਤਾਂ ਏਨੀ ਅਕਲ ਵੀ ਨਹੀਂ ਕਿ ਮੈਂ ਬਾਹਰੋਂ ਆਈ ਹਾਂ, ਕੋਈ ਪਾਣੀ-ਧਾਣੀ ਜਾਂ ਚਾਹ ਈ ਪੁੱਛ ਲਵੇ।'' ਕਮਲਾ ਦੇਵੀ ਨੇ ਪੁੱਤਰ ਨੂੰ ਉਸ ਦੀ ਵਹੁਟੀ, ਭੋਲੀ ਵਿਰੁੱਧ ਕਰਨ ਵਾਲੇ ਲਹਿਜ਼ੇ ਵਿੱਚ ਕਿਹਾ।

ਤੀਹ ਸਾਲ ਦੇ ਅਨਿਲ ਦੇ ਵਿਆਹ ਨੂੰ ਪੰਜ ਸਾਲ ਹੋਏ ਸਨ। ਪਿਓ ਨਾਲ ਕੱਪੜੇ ਦੇ ਕਾਰੋਬਾਰ ਵਿੱਚ ਹੀ ਸੀ, ਚੰਗੀ ਆਮਦਨ ਸੀ। ਵਿਆਹ ਤੋਂ ਸਾਲ ਬਾਅਦ ਹੀ ਇੱਕ ਕੰਨਿਆ ਆ ਗਈ ਅਤੇ ਅਗਲੇ ਸਾਲ ਦੂਜੀ ਬੇਟੀ ਨੇ ਜਨਮ ਲੈ ਲਿਆ।

''ਝਾਈ ਜੀ...ਕੱਲ੍ਹ ਮੈਂ ਭੋਲੀ ਨੂੰ ਲੈ ਕੇ ਡਾਕਟਰ ਆਂਟੀ ਕੋਲ ਗਿਆ ਸੀ।'' ਲੱਤਾਂ ਦਬਾਉਂਦੇ ਹੋਏ ਅਨਿਲ ਨੇ ਆਪਣੀ ਮਾਂ ਕਮਲਾ ਦੇਵੀ ਨਾਲ ਗੱਲ ਚਲਾਈ।

''ਅੱਛਾ ਕੀ ਕਹਿੰਦੀ ਸੀ ਡਾਕਟਰ ਆਂਟੀ? ਐਤਕੀਂ ਵੀ ਕਿਤੇ ਪੱਥਰ ਤਾਂ ਨਹੀਂ ਸਾਡੇ ਕਰਮਾਂ ਵਿੱਚ?'' ਉਤਸੁਕਤਾ ਵਿੱਚ ਕਮਲਾ ਦੇਵੀ ਇੱਕੋ ਵਾਰੀ ਕਿੰਨੇ ਸਾਰੇ ਸਵਾਲ ਪੁੱਛ ਗਈ।

''ਆਂਟੀ ਕਹਿੰਦੀ ਸੀ ਕਿ ਡਾਕਟਰ ਸ਼ਰਮਾ ਸਹੀ ਰਿਪੋਰਟ ਦਿੰਦੇ ਨੇ। ਲਿਖ ਕੇ ਇਹੀ ਦਸਦੇ ਨੇ ਬੱਚਾ ਠੀਕ ਠਾਕ ਹੈ, ਪਰ ਕੰਨ ਵਿੱਚ ਦੱਸਦੇ ਹਨ ਕਿ ਕੁੜੀ ਹੈ ਜਾਂ ਮੁੰਡਾ। ਜੇ ਤੁਸੀਂ ਕਹੋ ਤਾਂ ਅੱਜ ਅਲਟਰਾਸਾਊਂਡ ਕਰਵਾ ਈ ਲਿਆਵਾਂ?''

''ਹਾਂ, ਬੇਟਾ ਇਹ ਟੈਸਟ ਐਤਕੀਂ ਜ਼ਰੂਰ ਕਰਵਾਉਣੈ। ਮੈਂ ਵੀ ਸੁਣਿਐ। ਡਾਕਟਰ ਸ਼ਰਮਾ ਬੜਾ ਸਿਆਣਾ ਹੈ। ਉਸ ਦੀ ਰਿਪੋਰਟ ਠੀਕ ਹੁੰਦੀ ਹੈ। ਰੱਬ ਨੇ ਪਹਿਲਾਂ ਹੀ ਦੋ ਪੱਥਰ ਦਿੱਤੇ ਹੋਏ ਨੇ। ਹੁਣ ਤਾਂ ਫੁੱਲ ਦਾ ਮੂੰਹ ਵਿਖਾਵੇ।''

''ਪਰਮਾਤਮਾ ਇਸ ਵਾਰ ਤਾਂ ਮਿਹਰਬਾਨ ਹੋ ਜਾਊ, ਪਰ ਭੋਲੀ ਨੂੰ ਇਸ ਵਾਰ ਦੱਸ ਦੇਈਂ...ਦਾਜ ਘੱਟ ਲਿਆਉਣ ਵਾਲੀ ਗੱਲ ਤਾਂ ਮੈਂ ਜਰੀ ਹੋਈ ਏ। ਇਸ ਨੇ ਦੋ ਕੁੜੀਆਂ ਜੰਮੀਆਂ, ਮੈਂ ਉਹ ਵੀ ਜਰ ਲਈਆਂ। ਜੇ ਤੀਜੀ ਵੀ ਕੁੜੀ ਹੋਈ ਤਾਂ ਮੇਰੇ ਨਾਲੋਂ ਬੁਰੀ ਕੋਈ ਨਹੀਂ ਹੋਵੇਗਾ।'' ਕਮਲਾ ਦੇਵੀ ਰੋਹ ਵਿੱਚ ਆ ਗਈ ਸੀ।

# ਔਰਤਾਂ ਦੀ ਸੁਰੱਖਿਆ ਅਤੇ ਸਿੱਖਿਆ ਦਾ ਸੁਪਨਾ

-ਲਕਸ਼ਮੀ ਕਾਂਤਾ ਚਾਵਲਾ

ਅੱਜ ਦੇਸ਼ ਵਿੱਚ ਧੀਆਂ ਦੀ ਸੁਰੱਖਿਆ ਦੇ ਵਿਸ਼ੇ ਉਤੇ ਚਿੰਤਾ ਅਤੇ ਚਿੰਤਨ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਸੁਨੇਹਾ ਦੇਣ ਲਈ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦਿੱਤਾ, ਪਰ ਧੀਆਂ ਦੀ ਚਿੰਤਾ ਭਾਰਤ ਦੇ ਮਹਾਨ ਸਪੂਤ ਸਵਾਮੀ ਵਿਵੇਕਾਨੰਦ ਨੇ ਵੀ ਕੀਤੀ ਸੀ। ਉਹ ਚਾਰ ਵਰ੍ਹੇ ਵਿਦੇਸ਼ਾਂ ਵਿੱਚ ਭਾਰਤੀ ਧਰਮ ਤੇ ਸੱਭਿਆਚਾਰ ਦਾ ਝੰਡਾ ਬੁਲੰਦ ਕਰਕੇ 1898 ਵਿੱਚ ਭਾਰਤ ਪਰਤੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਦੇਸ਼ ਦੀ ਮਜ਼ਬੂਤੀ ਤੇ ਸੁਤੰਤਰਤਾ ਲਈ ਕਾਰਜ ਕੀਤਾ। ਜਨਤਾ ਵਿੱਚ ਆਪਣੇ ਵਿਚਾਰਾਂ ਰਾਹੀਂ ਨਵੀਂ ਕਰਾਂਤੀ ਪੈਦਾ ਕੀਤੀ। ਇਸੇ ਸਾਲ ਉਘੇ ਰਸਾਲੇ ਦੇ ਸੰਪਾਦਕ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨਾਲ ਕਈ ਵਿਸ਼ਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਸਵਾਮੀ ਵਿਵੇਕਾਨੰਦ ਨੂੰ ਸਵਾਲ ਕੀਤਾ ਕਿ ਭਾਰਤ ਵਿੱਚ ਔਰਤਾਂ ਨਾਲ ਪੱਖਪਾਤ ਕਿਉਂ ਕੀਤਾ ਜਾਂਦਾ ਹੈ? ਉਨ੍ਹਾਂ ਕਿਹਾ ਕਿ ਕਿਤੇ ਅਸੀਂ ਇਹ ਤਾਂ ਨਹੀਂ ਮੰਨ ਰਹੇ ਕਿ ਪੱਛਮੀ ਔਰਤਾਂ ਦੀ ਤੁਲਨਾ ਵਿੱਚ ਆਪਣੇ ਮੁਲਕ ਦੀਆਂ ਔਰਤਾਂ ਦੀ ਹਾਲਤ ਵੱਖਰੀ ਦੇਖ ਕੇ, ਅਸੀਂ ਭਾਰਤ ਵਿੱਚ ਔਰਤਾਂ ਪ੍ਰਤੀ ਨਾਬਰਾਬਰੀ ਦੇ ਵਿਦੇਸ਼ੀਆਂ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਚੁੱਪ ਚੁਪੀਤੇ ਕਬੂਲ ਤਾਂ ਨਹੀਂ ਰਹੇ।

ਜਦੋਂ ਉਨ੍ਹਾਂ ਤੋਂ ਔਰਤਾਂ ਦੀ ਮੌਜੂਦਾ ਹਾਲਤ ਤੋਂ ਸੰਤੁਸ਼ਟ ਹੋਣ ਬਾਰੇ ਪੁੱਛਿਆ ਗਿਆ ਤਾਂ ਸਵਾਮੀ ਵਿਵੇਕਾਨੰਦ ਵੱਲੋਂ ਦਿੱਤਾ ਜਵਾਬ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹੈ। ਉਨ੍ਹਾਂ ਕਿਹਾ ਸੀ ਕਿ ਔਰਤਾਂ ਦੇ ਸਬੰਧ ਵਿੱਚ ਸਾਡਾ ਦਖਲ ਅੰਦਾਜ਼ੀ ਦਾ ਅਧਿਕਾਰ ਮਹਿਜ਼ ਉਨ੍ਹਾਂ ਨੂੰ ਸਿੱਖਿਆ ਦੇਣ ਤੱਕ ਸੀਮਿਤ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਯੋਗ ਬਣਾਉਣਾ ਹੋਵੇਗਾ ਜਿਸ ਨਾਲ ਉਹ ਆਪਣੀਆਂ ਸਮੱਸਿਆਵਾਂ ਦਾ ਆਪ ਹੱਲ ਲੱਭ ਸਕਣ। ਕੋਈ ਹੋਰ ਉਨ੍ਹਾਂ ਲਈ ਕੰਮ ਨਹੀਂ ਕਰ ਸਕਦਾ ਅਤੇ ਅਜਿਹਾ ਕਰਨਾ ਵੀ ਠੀਕ ਨਹੀਂ। ਭਾਰਤੀ ਔਰਤਾਂ ਆਪਣੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਦੁਨੀਆ ਦੇ ਕਿਸੇ ਵੀ ਹਿੱਸੇ ਦੀਆਂ ਔਰਤਾਂ ਤੋਂ ਪਿਛਾਂਹ ਨਹੀਂ ਹਨ।

ਇਸੇ ਵਿਸ਼ੇ ਉੱ ਨਿਊਯਾਰਕ ਵਿੱਚ ਭਾਸ਼ਣ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਔਰਤਾਂ ਦੀ ਜੇ ਉਸੇ ਤਰ੍ਹਾਂ ਤਰੱਕੀ ਹੋਵੇ ਜਿਵੇਂ ਇਸ ਦੇਸ਼ ਵਿੱਚ ਹੋਈ ਹੈ ਤਾਂ ਉਨ੍ਹਾਂ ਨੂੰ ਖੁਸ਼ੀ ਹੋਵੇਗੀ, ਪਰ ਇਹ ਤਰੱਕੀ ਉਦੋਂ ਹੀ ਉਨ੍ਹਾਂ ਦੀ ਇੱਛਾ ਦੀ ਪੂਰਤੀ ਕਰ ਸਕਦੀ ਹੈ ਜਦੋਂ ਉਹ ਉਨ੍ਹਾਂ ਦੇ ਜੀਵਨ ਵਿੱਚ ਇਸਤਰੀ ਦੇ ਆਪਣੇ ਵਜੂਦ ਨੂੰ ਸੱਟ ਨਾ ਮਾਰੇ।

ਇਹ ਸੁਪਨਾ ਅੱਜ ਤੋਂ ਸਵਾ ਸੌ ਵਰ੍ਹੇ ਪਹਿਲਾਂ ਸਵਾਮੀ ਵਿਵੇਕਾਨੰਦ ਨੇ ਦੇਖਿਆ ਸੀ। ਆਜ਼ਾਦ ਦੇਸ਼ ਵਿੱਚ ਨਿਸ਼ਚਿਤ ਹੀ ਇਸ ਨੂੰ ਪੂਰਾ ਕਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਜਾਪਦਾ ਹੈ ਕਿ ਜਿਨ੍ਹਾਂ ਔਰਤਾਂ ਨੂੰ ਇਹ ਮੌਕਾ ਮਿਲਿਆ, ਉਹ ਆਪਣੇ ਦ੍ਰਿੜ੍ਹ ਨਿਸ਼ਚੇ ਨਾਲ ਸਾਜ਼ਗਾਰ ਹਾਲਾਤ ਦਾ ਲਾਹਾ ਲੈਂਦਿਆਂ ਗਿਆਨ ਵਿਗਿਆਨ ਦੇ ਖੇਤਰ ਵਿੱਚ ਪੁਲਾਂਘਾਂ ਪੁੱਟਦੀਆਂ ਗਈਆਂ। ਆਜ਼ਾਦ ਭਾਰਤ ਦੇ ਹਾਸਲ ਸ਼ੁਰੂਆਤੀ ਅੰਕੜਿਆਂ ਮੁਤਾਬਕ ਮੁਲਕ ਦੀ ਕੁੱਲ ਆਬਾਦੀ ਦਾ 16 ਤੋਂ 20 ਫੀਸਦੀ ਹਿੱਸਾ ਹੀ ਸਿੱਖਿਅਤ ਸੀ। ਅੱਜ ਦੇਸ਼ ਵਿੱਚ ਸਿੱਖਿਅਤ ਲੋਕਾਂ ਦੀ ਗਿਣਤੀ 75 ਫੀਸਦੀ ਹੋ ਗਈ ਹੈ। ਇਹ ਵੱਡਾ ਹਾਸਲ ਹੈ। ਮੁਲਕ ਦੇ 25 ਫੀਸਦੀ ਲੋਕਾਂ ਦਾ ਹਾਲੇ ਵੀ ਅਨਪੜ੍ਹ ਰਹਿਣਾ ਚਿੰਤਾ ਦਾ ਵਿਸ਼ਾ ਹੈ, ਪਰ ਇਸ ਦਾ ਵੱਡਾ ਕਾਰਨ ਤੇਜ਼ੀ ਨਾਲ ਵਧ ਰਹੀ ਆਬਾਦੀ, ਗਰੀਬੀ ਅਤੇ ਬੇਰੁਜ਼ਗਾਰੀ ਹੈ।

ਇਹ ਦੁੱਖ ਦੀ ਗੱਲ ਹੈ ਕਿ ਕੁੱਲ ਸਿੱਖਿਅਤ ਔਰਤਾਂ ਦੀ ਗਿਣਤੀ ਹਾਲੇ ਵੀ ਔਰਤ ਦੀ ਆਬਾਦੀ ਦਾ 65 ਫੀਸਦੀ ਹੈ। ਇਸ ਅਨੁਸਾਰ ਹਾਲੇ ਵੀ 35 ਫੀਸਦੀ ਔਰਤਾਂ ਸਿੱਖਿਆ ਤੋਂ ਵਾਂਝੀਆਂ ਹਨ। ਮਾਂ ਨੂੰ ਸਾਡੇ ਧਰਮ ਵਿੱਚ ਪਹਿਲਾ ਗੁਰੂ, ਪਹਿਲਾ ਵਿਦਵਾਨ ਕਿਹਾ ਜਾਂਦਾ ਹੈ। ਜੇ 35 ਫੀਸਦੀ ਧੀਆਂ, ਭੈਣਾ, ਮਾਵਾਂ ਸਿੱਖਿਆ ਤੋਂ ਵਾਂਝੀਆਂ ਹਨ ਤਾਂ ਪਰਵਾਰਾਂ ਨੂੰ ਸਹੀ ਸੱਭਿਆਚਾਰ ਬਾਰੇ ਸਿੱਖਿਅਤ ਕਰਨਾ ਦੂਰ ਦੀ ਗੱਲ ਹੋਵੇਗਾ। ਇਹ ਸਹੀ ਹੈ ਕਿ ਪੇਟ ਪਾਲਣ ਲਈ ਪਰਵਾਰ ਦੇ ਸਾਰੇ ਜੀਅ ਕੰਮ ਕਰ ਰਹੇ ਹਨ, ਪਰ ਇਸ ਨਾਲ ਸਿਰਫ ਸਰੀਰਕ ਪੋਸ਼ਣ ਮਿਲ ਰਿਹਾ ਹੈ। ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਭਾਰਤ ਵਿੱਚ ਉਸ ਨੂੰ ਸਿੱਖਿਅਤ ਮੰਨ ਲਿਆ ਜਾਂਦਾ ਹੈ, ਜਿਹੜਾ ਮਾੜਾ ਮੋਟਾ ਪੜ੍ਹਨਾ ਅਤੇ ਦਸਤਖਤ ਕਰਨਾ ਸਿੱਖ ਲੈਂਦਾ ਹੈ। ਦੂਜੇ ਪਾਸੇ ਦੇਸ਼ ਵਿੱਚ ਹੀ ਸਿੱਖਿਅਤ ਸਮਾਜ ਦੀ ਬਿਹਤਰੀਨ ਮਿਸਾਲ ਵੀ ਹੈ। 1989 ਵਿੱਚ ਕੇਰਲ ਦੇ ਕੋਟਾਯਮ ਸ਼ਹਿਰ ਨੂੰ ਪੂਰੀ ਤਰ੍ਹਾਂ ਸਿੱਖਿਅਤ ਐਲਾਨਿਆ ਗਿਆ ਸੀ। ਇਤਿਹਾਸ ਵਿੱਚ 1989 ਦਾ ਵਰ੍ਹਾ ਇਸ ਲਈ ਵੀ ਮਹੱਤਵ ਪੂਰਨ ਹੈ ਕਿ ਇਸ ਵਰ੍ਹੇ ਸਾਖਰਤਾ ਮੁਹਿੰਮ ਤੇਜ਼ੀ ਨਾਲ ਚਲਾਈ ਜਾ ਰਹੀ ਸੀ। ਇਹ ਉਸ ਮੁਹਿੰਮ ਦਾ ਸ਼ੁਰੂਆਤੀ ਦੌਰ ਸੀ। ਕੇਰਲ ਦੀ ਸਾਖਰਤਾ ਦਰ ਸੌ ਫੀਸਦੀ ਹੈ ਤੇ ਇਥੋਂ ਦੇ ਲੋਕ ਸਭ ਤੋਂ ਵੱਧ ਸਿੱਖਿਅਤ ਵੀ ਹਨ, ਪਰ ਕਿਸੇ ਇਕ ਸ਼ਹਿਰ ਨੂੰ ਸੌ ਫੀਸਦੀ ਸਾਖਰ ਐਲਾਨਿਆ ਜਾਣਾ ਇਕ ਅਨੋਖੀ ਮਿਸਾਲ ਕਿਹਾ ਜਾ ਸਕਦਾ ਹੈ।

ਜ਼ਿਕਰ ਯੋਗ ਹੈ ਕਿ ਕੋਟਾਯਾਮ ਦੇ ਲੋਕਾਂ ਵਿੱਚ ਅਜਿਹਾ ਕਿਹੜਾ ਉਤਸ਼ਾਹ ਸੀ ਕਿ ਉਨ੍ਹਾਂ ਨੇ ਇਹ ਸਥਾਨ ਹਾਸਲ ਕੀਤਾ। ਅਸਲ ਵਿੱਚ ਉਨ੍ਹਾਂ ਦੀ ਇਸ ਕੋਸ਼ਿਸ਼ ਵਿੱਚ ਸਮਾਜਿਕ ਸੰਗਠਨਾਂ ਅਤੇ ਸਰਕਾਰ ਨੇ ਮਿਲ ਕੇ ਯੋਗਦਾਨ ਦਿੱਤਾ ਅਤੇ ਅਨਪੜ੍ਹ ਨੂੰ ਸਾਖਰ ਕਰਨ ਦੀ ਮੁਹਿੰਮ ਚਲਾਈ ਜਿਸ ਕਾਰਨ ਕੋਟਾਯਾਮ ਇਹ ਟੀਚਾ ਹਾਸਲ ਕਰ ਗਿਆ। ਇਕ ਜਾਣਕਾਰੀ ਮੁਤਾਬਕ ਇਸ ਲਈ ਜਿਹੜੇ 14 ਹਜ਼ਾਰ ਵਾਲੰਟੀਅਰ ਤਿਆਰ ਹੋਏ, ਉਨ੍ਹਾਂ ਵਿੱਚੋਂ 12 ਹਜ਼ਾਰ ਔਰਤਾਂ ਸਨ।

ਸਵਾਮੀ ਵਿਵੇਕਾਨੰਦ ਨੇ ਵੀ ਇਹ ਸੁਨੇਹਾ ਦੇਸ਼ ਦੇ ਸਿੱਖਿਅਤ ਵਰਗ ਖਾਸਕਰ ਸਾਧਾਂ ਸੰਤਾਂ ਨੂੰ ਦਿੱਤਾ ਸੀ ਕਿ ਉਹ ਦੇਸ਼ ਨੂੰ ਸਾਖਰ ਕਰਨ। ਉਨ੍ਹਾਂ ਕਿਹਾ ਸੀ ਕਿ ਰੋਗੀ ਡਾਕਟਰ ਕੋਲ ਪੁੱਜਣ ਤੋਂ ਅਸਮਰੱਥ ਹੈ ਤਾਂ ਡਾਕਟਰ ਨੂੰ ਉਸ ਕੋਲ ਪੁੱਜ ਜਾਣਾ ਚਾਹੀਦਾ ਹੈ। ਸਵਾਮੀ ਵਿਵੇਕਾਨੰਦ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਪਣੇ ਦੇਸ਼ ਦੇ ਸਾਧਾਂ ਨੂੰ ਸਿਰਫ ਧਰਮ ਦੀ ਸਿੱਖਿਆ ਰਾਹੀਂ ਮੋਕਸ਼ ਹਾਸਲ ਕਰਨ ਦਾ ਸੁਨੇਹਾ ਨਹੀਂ ਦਿੰਦੇ, ਸਗੋਂ ਉਨ੍ਹਾਂ ਦਾ ਕਹਿਣਾ ਸੀ ਕਿ ਸ਼ਾਮ ਸਮੇਂ ਕਿਸੇ ਚੌਪਾਲ ਜਾਂ ਦਰੱਖਤ ਹੇਠਾਂ ਬੈਠੇ ਦੇਸ਼ ਦੇ ਨਾਗਰਿਕਾਂ ਕੋਲ ਜਾਓ ਤੇ ਉਨ੍ਹਾਂ ਨੂੰ ਦੇਸ਼ ਦੀ ਦਸ਼ਾ, ਭੂਗੋਲ ਤੇ ਇਤਿਹਾਸ ਦਾ ਗਿਆਨ ਚਿੱਤਰਾਂ ਰਾਹੀਂ ਦਿਓ। ਅੱਜ ਜਦੋਂ ਮੁਲਕ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦੇ ਰਿਹਾ ਹੈ ਤਾਂ 35 ਫੀਸਦੀ ਅਨਪੜ੍ਹ ਰਹਿ ਗਈਆਂ ਔਰਤਾਂ ਦੀ ਸਿੱਖਿਆ ਅਤੇ ਉਨ੍ਹਾਂ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਜਾਵੇ।

# ਵਿਅੰਗ ਏ ਭਾਈ ਜ਼ਰਾ ਦੇਖ ਕੇ ਚਲੋ

-ਕੇ ਐਲ ਗਰਗ

ਹਿੰਦੋਸਤਾਨੀ ਖੱਬੇ ਪਾਸੇ ਚੱਲਦੇ ਹਨ। ਮੋਟਰ ਚਲਾਉਣ ਵੇਲੇ ਬੈਠਦੇ ਸੱਜੇ ਪਾਸੇ ਹਨ, ਪਰ ਚੱਲਦੇ ਖੱਬੇ ਹਨ। ਖੱਬੇ ਪ੍ਰੇਮ ਕਾਰਨ ਹੀ ਸਾਡੇ ਸਵਰਗਵਾਸੀ ਪ੍ਰਧਾਨ ਮੰਤਰੀ ਨੇ 'ਹਿੰਦੀ-ਰੂਸੀ ਭਾਈ ਭਾਈ' ਅਤੇ 'ਹਿੰਦੀ-ਚੀਨੀ ਭਾਈ ਭਾਈ' ਦੇ ਨਾਅਰੇ ਦੇਸ਼ ਨੂੰ ਦਿੱਤੇ ਸਨ। ਪ੍ਰਧਾਨ ਮੰਤਰੀ ਦੇ ਕਥਨ ਤੋਂ ਪ੍ਰਭਾਵਤ ਹੋ ਕੇ ਰਾਜ ਕਪੂਰ ਨੇ ਕਿਸੇ ਫਿਲਮ ਵਿੱਚ ਇਹ ਗੀਤ ਗਾਇਆ ਸੀ, ''ਮੇਰਾ ਜੂਤਾ ਹੈ ਜਾਪਾਨੀ, ਯੇਹ ਪਤਲੂਨ ਇੰਗਲਿਸ਼ਤਾਨੀ, ਸਰ ਪੇ ਲਾਲ ਟੋਪੀ ਰੂਸੀ, ਫਿਰ ਭੀ ਦਿਲ ਹੈ ਹਿੰਦਸੋਤਾਨੀ।'' ਲਾਲ ਟੋਪੀ ਰੂਸੀ ਦੇਸ਼ ਨੂੰ ਖੱਬੇ ਪਾਸੇ ਲਿਜਾਂਦੀ ਸੀ। ਵਿਚਾਰੇ ਪ੍ਰਧਾਨ ਮੰਤਰੀ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੇ ਜਿਊਂਦੇ ਜੀਅ ਉਨ੍ਹਾਂ ਨੂੰ 'ਹਿੰਦੀ-ਚੀਨੀ ਭਾਈ ਭਾਈ' ਦੀ ਥਾਂ 'ਹਿੰਦੀ-ਚੀਨੀ ਬਾਏ ਬਾਏ' ਕਹਿਣਾ ਪਵੇਗਾ। ਫਿਰ ਉਨ੍ਹਾਂ ਨੇ ਭਰੇ ਦਿਲ ਨਾਲ ਕਿਹਾ ਸੀ, ''ਮੇਰੇ ਪਿਆਰੇ ਦੇਸ਼ ਵਾਸੀਓ, ਮੁਆਫ ਕਰਨਾ, ਸੌਰੀ, ਮਿਸਟੇਕ ਹੋ ਗਯਾ।'' ਇਸੇ ਮਿਸਟੇਕ ਨੂੰ ਦੇਖਦਿਆਂ ਰਾਜ ਕਪੂਰ ਨੇ ਫਿਲਮ 'ਜੋਕਰ' ਰਾਹੀਂ ਦੇਸ਼ ਵਾਸੀਆਂ ਨੂੰ ਖਬਰਦਾਰ ਕੀਤਾ ਸੀ, ''ਏ ਭਾਈ, ਜ਼ਰਾ ਦੇਖ ਕੇ ਚਲੋ। ਦਾਏਂ ਭੀ, ਬਾਏਂ ਭੀ, ਆਗੇ ਭੀ, ਪੀਛੇ ਭੀ, ਊਪਰ ਭੀ, ਨੀਚੇ ਭੀ, ਏ ਭਾਈ ਜ਼ਰਾ ਦੇਖ ਕੇ ਚਲੋ।'' ਰਾਜ ਕਪੂਰ ਦਾ ਇਸ਼ਾਰਾ ਇਸ ਗੱਲ ਵੱਲ ਸੀ ਕਿ ਜੇ ਖੱਬੇ ਵੀ ਚੱਲਣਾ ਤਾਂ ਜ਼ਰਾ ਦੇਖ ਕੇ ਚੱਲਣਾ ਹੈ, ਸਾਵਧਾਨੀ ਨਾਲ ਚੱਲਣਾ ਚਾਹੀਦਾ ਹੈ।

ਸਾਡਾ ਭਾਈ ਫੱਤੂ ਵੀ ਸਾਨੂੰ ਵਾਰ-ਵਾਰ ਸੰਕੇਤ ਦਿੰਦਿਆਂ ਆਖਦਾ ਹੈ, ''ਮਿੱਤਰ, ਟਰੈਫਿਕ ਬੜਾ ਬੇਹੂਦਾ ਹੋ ਗਿਆ ਹੈ। ਇੱਕ ਸੈਕਿੰਡ ਲਈ ਜੇ ਤੁਸੀਂ ਬੇਧਿਆਨੇ ਹੋ ਗਏ ਤਾਂ ਕੁਝ ਵੀ ਹੋ ਸਕਦਾ ਹੈ। ਉਪਰਲੀ ਥੱਲੇ ਹੋ ਸਕਦੀ ਹੈ। ਜੀਵਨ ਦੀ ਗੱਡੀ ਸਿੱਧੀ ਚੱਲਦੀ-ਚੱਲਦੀ ਟੇਢੀ ਹੋ ਸਕਦੀ ਹੈ। ਆਲੇ ਦੁਆਲੇ ਦੇਖ ਕੇ ਚੱਲਣਾ ਚਾਹੀਦਾ ਹੈ। ਸੜਕੀ ਅੱਤਵਾਦ ਕਦੇ ਵੀ ਤੁਹਾਡੀ ਜਾਨ ਲੈ ਸਕਦਾ ਹੈ। ਇਸ ਲਈ ਮਿੱਤਰ ਜ਼ਰਾ ਦੇਖ ਕੇ ਚਲੋ, ਖੱਬੇ ਵੀ, ਸੱਜੇ ਵੀ।''

ਅਸੀਂ ਹਮੇਸ਼ਾ ਖੱਬੇ ਪਾਸੇ ਚੱਲਦੇ ਹਾਂ, ਪਰ ਕਦੀ ਕਦੀ ਸੱਜੇ ਮੁੜ ਜਾਂਦੇ ਹਾਂ। ਹਾਲਾਂਕਿ ਚੰਗੀ ਤਰ੍ਹਾਂ ਪਤਾ ਹੈ ਕਿ ਸੱਜਾ ਕਦੀ ਸਾਡੇ ਮਾਫਕ ਨਹੀਂ ਆਇਆ। ਸਾਡੇ ਮਿੱਤਰ ਫੱਤੂ ਨੇ ਸਾਨੂੰ ਇਸ ਬਾਰੇ ਕਈ ਇਤਿਹਾਸਕ ਗੱਲਾਂ ਦੱਸੀਆਂ। ਕਹਿਣ ਲੱਗਾ, ''ਸਾਡੇ ਪ੍ਰਧਾਨ ਮੰਤਰੀ ਸਾਹਿਬ ਨੇ ਪਾਰਲੀਮੈਂਟ 'ਚ ਉਨ੍ਹਾਂ ਦੇ ਖੱਬੇ ਮਿੱਤਰਾਂ ਨੂੰ ਨਾਰਾਜ਼ ਕਰ ਕੇ ਵੀ ਅਮਰੀਕਾ ਦੀ ਐਟਮੀ ਨੀਤੀ ਦਾ ਖੁੱਲ੍ਹੇ ਦਿਲ ਨਾਲ ਸਮਰਥਨ ਕੀਤਾ ਸੀ। ਇਸੇ ਸਮਰਥਨ ਕਾਰਨ ਉਨ੍ਹਾਂ ਦੇ ਭੀੜੇ ਹੋਏ ਦਿਲ ਕਦੇ ਫਿਰ ਖੁੱਲ੍ਹ ਨਹੀਂ ਸਕੇ। ਖੱਬਿਆਂ ਨੂੰ ਗੁਆ ਕੇ ਵੀ ਪ੍ਰਧਾਨ ਮੰਤਰੀ ਨੇ ਸੱਜਿਆਂ ਦਾ ਸਾਥ ਦਿੱਤਾ ਸੀ। ਪ੍ਰਧਾਨ ਮੰਤਰੀ ਦੇ ਅਸਫਲ ਰਹਿਣ ਵਾਲੇ ਕਾਰਨਾਂ ਵਿੱਚੋਂ ਇੱਕ ਕਾਰਨ ਇਹ ਸਮਰਥਨ ਵੀ ਸੀ।''

ਸਾਡਾ ਮਿੱਤਰ ਫੱਤੂ ਦੱਸਦਾ ਹੈ : ''ਅਸੀਂ ਤੁਰਦੇ ਖੱਬੇ ਹੱਥ ਹਾਂ, ਪਰ ਲਿਖਦੇ ਸੱਜੇ ਹੱਥ ਨਾਲ ਹਾਂ। ਹਾਂ, ਕੋਈ ਕੋਈ ਕਾਲ-ਅੰਗਿਆਰੀ ਖੱਬੇ ਹੱਥ ਨਾਲ ਲਿਖਣ ਵਾਲੀ ਨਿਕਲ ਆਵੇ ਤਾਂ ਅਜਿਹੇ ਬੰਦੇ ਨੂੰ ਅਸੀਂ ਖਬਚੂ ਆਖਦੇ ਹਾਂ। ਅਮਿਤਾਭ ਬੱਚਨ ਨੇ ਖੱਬੇ ਹੱਥ ਨਾਲ ਹੀ ਸਾਰੀ ਫਿਲਮ ਇੰਡਸਟਰੀ ਦੀ ਚੱਕਰੀ ਘੁਮਾ ਛੱਡੀ ਐ। ਉਹ ਫਾਈਟ ਸੀਨ ਵਿੱਚ ਘਸੁੰਨ ਵੀ ਖੱਬੇ ਹੱਥ ਨਾਲ ਮਾਰਦਾ ਹੈ। ਸਰੀਰ ਵਿਗਿਆਨੀ ਦੱਸਦੇ ਹਨ ਕਿ ਖੱਬੇ ਹੱਥ ਦੇ ਘਸੁੰਨ ਦੀ ਸੱਟ ਸੱਜੇ ਤੋਂ ਵੱਧ ਵੱਜਦੀ ਹੈ।''

ਫੱਤੂ ਭਾਈ ਬੜੇ ਕੰਮ ਦੀਆਂ ਗੱਲਾਂ ਦੱਸਦਾ ਹੈ। ਉਸ ਮੁਤਾਬਕ ''ਅਮਰੀਕਾ ਦੇ ਲੋਕ ਊਂ ਤਾਂ ਸੱਜੇ ਹੱਥ ਚੱਲਦੇ ਹਨ, ਪਰ ਬਹੁਤੇ ਅਮਰੀਕਨ ਖੱਬਚੂ ਹੁੰਦੇ ਹਨ। ਕੌਣ ਕੁਦਰਤ ਦੀਆਂ ਲਿਖੀਆਂ ਮੇਟੇ ਸਾਈਆਂ। ਅਮਰੀਕਨਾਂ ਦੀ ਕੀ ਰੀਸ ਕਰਨੀ ਐ। ਉਨ੍ਹਾਂ ਦੇ ਬਹੁਤੇ ਕੰਮ ਪੁੱਠੇ ਈ ਹੁੰਦੇ ਨੇ। ਉਨ੍ਹਾਂ ਦੀ ਬਿਜਲੀ ਦੇ ਸਵਿੱਚ ਵੀ ਉਤਾਂਹ ਨੂੰ ਜਗਦੇ ਤੇ ਹੇਠਾਂ ਨੂੰ ਬੁੱਝਦੇ ਹਨ। ਰਾਮ ਦੀ ਰਾਮ ਜਾਣੇ ਤੂੰ ਭੁੰਨ ਦਾਣੇ।'' ਉਂਝ ਅਸੀਂ ਖੱਬੇ ਹੱਥ ਤੁਰਦੇ ਹਾਂ, ਪਰ ਕਦੀ ਕਦੀ ਸੱਜੇ ਹੱਥ ਮੁੜ ਜਾਂਦੇ ਹਾਂ। ਫੱਤੂ ਭਾਈ ਇਸ ਕਥਨ ਦੀ ਤਸ਼ਬੀਹ ਏਦਾਂ ਕਰਦੇ ਹਨ: ''ਮਿੱਤਰਾ ਦੇਖ ਲੈ, ਸਾਡਾ ਪ੍ਰਧਾਨ ਮੰਤਰੀ ਜਿਵੇਂ ਘੜੀ ਮੁੜੀ ਟਰੰਪ ਵੱਲ ਭੱਜਦਾ। ਪਿਆਰ ਕੇ ਧਾਗੇ ਸੇ ਕੈਸੇ ਖਿਚੀ ਆਤੀ ਹੈ ਸਰਕਾਰ ਮੇਰੀ। ਆਪਣੇ ਅਜ਼ਮਾਏ ਸਾਥੀ ਰੂਸ ਨੂੰ ਭੁੱਲ ਕੇ ਟਰੰਪ ਨਾਲ ਯਾਰੀਆਂ ਪਾਉਣ ਲਈ ਕਮਲੇ ਹੋਏ ਫਿਰਦੇ ਐ। ਗੁਆਂਢੀਆਂ ਦਾ ਹਾਲ ਦੇਖ ਲੈ ਕੀ ਕਰਤਾ। ਨਾ ਜਿਊਂਦਿਆਂ 'ਚ ਨਾ ਮੋਇਆਂ 'ਚ। ਉਹ ਕਹਿੰਦੇ ਹੁੰਦੇ ਨੇ ਨਾ, ਬੇਇਤਬਾਰੇ ਦੀ ਯਾਰੀ, ਨਿਰੀ ਖੇਹ ਤੇ ਖੁਆਰੀ।''

ਅੱਜ ਕੱਲ੍ਹ ਤਾਂ ਜਨਤਾ ਵੀ ਖੱਬੇ ਦੀ ਥਾਂ ਸੱਜੇ ਹੱਥ ਤੁਰਨ ਨੂੰ ਫਿਰਦੀ ਹੈ। ਸਾਡੇ ਖੱਬਿਆਂ ਤੋਂ ਪੱਛਮੀ ਬੰਗਾਲ ਖੋਹ ਲਿਆ, ਤ੍ਰਿਪੁਰਾ ਉਨ੍ਹਾਂ ਹੱਥੋਂ ਨਿਕਲ ਗਿਆ ਤੇ ਕੇਰਲ ਵਿੱਚ ਵੀ ਉਹ ਸਾਹ ਵਰੋਲੀ ਜਾਂਦੇ ਨੇ। ਕਰ ਲਓ ਘਿਓ ਨੂੰ ਭਾਂਡਾ।''

ਵੋਟਰ ਸਿਆਣੇ ਹੋ ਰਹੇ ਨੇ? ਖੱਬਿਆਂ ਦਾ ਪੱਲਾ ਛੱਡ ਸੱਜਿਆਂ ਦਾ ਦਾਮਨ ਫੜੀ ਜਾ ਰਹੇ ਨੇ। ਸੱਜੇ ਧਾੜਵੀਆਂ ਵਾਂਗ ਸਟੇਟ ਦਰ ਸਟੇਟ ਫਤਹਿ ਕਰੀ ਜਾ ਰਹੇ ਹਨ। ਵੋਟਰ ਫਿਲਮੀ ਅੰਦਾਜ਼ ਵਿੱਚ ਗਾ ਰਹੇ ਨੇ, ''ਖਬਚੂ ਜਾ ਜਾ ਜਾਹ। ਮੇਰੇ ਪਿਆਰ ਕੀ ਚਿੱਠੀ ਸੱਜੇ ਨੂੰ ਪਕੜਾ, ਪਕੜਾ, ਪਕੜਾ।'' ਜਿਵੇਂ ਫਿਲਮੀ ਹੀਰੋਇਨ ਕਦੀ ਗਾਇਆ ਕਰਦੀ ਸੀ, ''ਕਬੂਤਰ ਜਾ ਜਾ ਜਾਹ। ਮੇਰੇ ਪਿਆਰ ਕੀ ਪਹਿਲੀ ਚਿੱਠੀ, ਸਾਜਨ ਕੋ ਪਕੜਾ।''

ਸੱਜੇ ਨਾਇਕ ਹੋ ਗਏ? ਖੱਬੇ ਖਲਨਾਇਕ? ਮਰਜ਼ ਵਧਦੀ ਗਈ ਜਿਉਂ ਜਿਉਂ ਦਵਾ ਕੀਤੀ। ਮੁਲਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਤੁਮਹਾਰੀ ਦਾਸਤਾਂ ਤੱਕ ਭੀ ਨਾ ਹੋਗੀ ਦਾਸਤਾਨੋਂ ਮੇਂ। ਟਰੈਫਿਕ ਜਾਨਲੇਵਾ ਹੋ ਰਿਹਾ ਹੈ। ਅੱਗੇ ਸੜਕ ਬੰਦ ਹੈ। ਰਾਜ ਕਪੂਰ ਦੇ ਗਾਣੇ ਵੱਲ ਗੌਰ ਕਰਨਾ ਪੈਣਾ ਹੈ, ''ਏ ਬਾਈ, ਜ਼ਰਾ ਦੇਖ ਕੇ ਚਲੋ, ਦਾਏਂ ਭੀ ਬਾਏਂ ਭੀ...।'' ਅਗਲਾ ਕਦਮ ਧਿਆਨ ਨਾਲ ਪੁੱਟਣਾ। ਖਬਰਦਾਰ! ਖੱਬੇ ਜਾਣੈ ਕਿ ਸੱਜੇ? ਏ ਭਾਈ ਜ਼ਰਾ ਦੇਖ ਕੇ ਚੱਲਣਾ, ਦਾਏਂ ਭੀ, ਬਾਏਂ ਭੀ...

## ਮਹਿਕਮਾ ਬਦਲੇ ਜਾਣ ਤੋਂ ਕੈਬਨਿਟ ਮੰਤਰੀ ਓ ਪੀ ਸੋਨੀ ਵੀ ਔਖਾ

ਲੁਧਿਆਣਾ, 10 ਜੂਨ (ਪੋਸਟ ਬਿਊਰੋ)- ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਸਮੇਤ ਕੁਝ ਮੰਤਰੀਆਂ ਦੇ ਵਿਭਾਗਾਂ ਵਿੱਚ ਅਦਲਾ-ਬਦਲੀ ਦੀ ਕਾਰਵਾਈ ਨਾਲ ਨਵਜੋਤ ਸਿੱਧੂ ਮਗਰੋਂ ਕੈਬਨਿਟ ਮੰਤਰੀ ਓਮ ਪ੍ਰਕਾਸ਼ ਸੋਨੀ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਨਾਖੁਸ਼ ਨਜ਼ਰ ਆ ਰਹੇ ਹਨ।

ਕੱਲ੍ਹ ਲੁਧਿਆਣਾ ਦੌਰੇ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮੰਤਰੀ ਸੋਨੀ ਨੇ ਸਿੱਖਿਆ ਮਹਿਕਮਾ ਖੁੱਸਣ ਉੱਤੇ ਅਸਿੱਧੇ ਢੰਗ ਨਾਲ ਨਾਰਾਜ਼ਗੀ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਸ ਫੈਸਲੇ ਬਾਰੇ ਕੁਝ ਵੀ ਕਹਿਣ ਤੋਂ ਗੁਰੇਜ਼ ਕੀਤਾ, ਪਰ ਅਫਸਰਸ਼ਾਹੀ ਉਤੇ ਆਪਣਾ ਗੁੱਸਾ ਜ਼ਰੂਰ ਕੱਢਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਫਸਰਸ਼ਾਹੀ ਮੰਤਰੀਆਂ ਉਤੇ ਭਾਰੂ ਹੈ, ਪਰ ਉਹ ਕਿਸੇ ਅਫਸਰ ਤੋਂ ਨਹੀਂ ਡਰਦੇ ਅਤੇ ਨਾ ਡਰਨਗੇ, ਭਾਵੇਂ ਉਹ ਮੁੱਖ ਮੰਤਰੀ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਕਿਉਂ ਨਾ ਹੋਣ। ਉਨ੍ਹਾਂ ਕਿਹਾ ਕਿ ਅਫਸਰਸ਼ਾਹੀ ਮੰਤਰੀਆਂ ਦੇ ਕੰਮਾਂ ਵਿੱਚ ਰੁਕਾਵਟ ਪਾ ਕੇ ਮਨਮਰਜ਼ੀਆਂ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਉਹ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਨਵਜੋਤ ਸਿੰਘ ਸਿੱਧੂ ਦਾ ਵਿਭਾਗ ਬਦਲੇ ਜਾਣ 'ਤੇ ਨਾਰਾਜ਼ਗੀ ਬਾਰੇ ਪੁੱਛੇ ਜਾਣ ਉੱਤੇ ਸੋਨੀ ਨੇ ਕਿਹਾ, 'ਸਿੱਧੂ ਮੇਰੇ ਵੱਡੇ ਭਰਾ ਹਨ, ਪਰ ਮੈਂ ਉਨ੍ਹਾਂ ਬਾਰੇ ਕੁਝ ਨਹੀਂ ਕਹਿ ਸਕਦਾ।'

ਓ ਪੀ ਸੋਨੀ ਤੋਂ ਸਿੱਖਿਆ ਮਹਿਕਮਾ ਵਾਪਸ ਲੈ ਕੇ ਮੈਡੀਕਲ ਸਿੱਖਿਆ, ਫੂਡ ਪ੍ਰੋਸੈਸਿੰਗ ਇੰਡਸਟਰੀ ਤੇ ਫਰੀਡਮ ਫਾਈਟਰ ਵਿਭਾਗ ਦਿੱਤਾ ਗਿਆ ਹੈ। ਉਨ੍ਹਾਂ ਮੀਡੀਆ ਅੱਗੇ ਆਪਣੇ ਪਹਿਲੇ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ ਦਾ ਵੇਰਵਾ ਵੀ ਪੇਸ਼ ਕੀਤਾ ਤੇ ਕਿਹਾ ਕਿ ਉਨ੍ਹਾਂ ਮਿਹਨਤ ਕਰਕੇ ਸਿੱਖਿਆ ਵਿਭਾਗ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੇ ਚੰਗੇ ਨਤੀਜੇ ਆ ਰਹੇ ਸਨ। ਜ਼ਿਕਰ ਯੋਗ ਹੈ ਕਿ ਸਿੱਖਿਆ ਵਜੋਂ ਓ ਪੀ ਸੋਨੀ ਦਾ ਸੈਕਟਰੀ ਕ੍ਰਿਸ਼ਨ ਕੁਮਾਰ ਨੂੰ ਬਦਲਣ ਲਈ ਜ਼ੋਰ ਲੱਗ ਰਿਹਾ ਸੀ, ਪਰ ਮੁੱਖ ਮੰਤਰੀ ਨੇ ਕ੍ਰਿਸ਼ਨ ਕੁਮਾਰ ਦੀ ਥਾਂ ਮੰਤਰੀ ਨੂੰ ਬਦਲ ਦਿੱਤਾ ਸੀ।

# ਬਿਜਲੀ ਬਿੱਲਾਂ ਵਿੱਚ ਕਈ ਤਰ੍ਹਾਂ ਦੇ ਟੈਕਸ ਲੈ ਕੇ ਵੀ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਜਾਂਦੀ

ਜਲੰਧਰ, 10 ਜੂਨ (ਪੋਸਟ ਬਿਊਰੋ)- ਪੰਜਾਬ ਵਿੱਚ ਬਿਜਲੀ ਦੇ ਬਿੱਲਾਂ ਵਿੱਚ ਕਈ ਤਰ੍ਹਾਂ ਦੇ ਟੈਕਸਾਂ ਦੀ ਰਕਮ ਸ਼ਾਮਲ ਕੀਤੀ ਜਾਂਦੀ ਹੈ, ਪਰ ਆਮ ਲੋਕਾਂ ਤੋਂ ਇਹ ਰਕਮ ਲੈਣ ਦੇ ਬਾਵਜੂਦ ਜਿਸ ਕੰਮ ਲਈ ਇਹ ਵਸੂਲੀ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚ ਕਿਸੇ ਤਰ੍ਹਾਂ ਦਾ ਸੁਧਾਰ ਨਹੀਂ ਹੋ ਰਿਹਾ, ਜਿਸ ਕਰਕੇ ਲੋਕ ਇਸ ਗੱਲੋਂ ਨਾਰਾਜ਼ ਹਨ ਕਿ ਜੇ ਉਹ ਟੈਕਸ ਸਮੇਤ ਮਹਿੰਗੀ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਕਰਦੇ ਹਨ ਤਾਂ ਉਨ੍ਹਾਂ ਨੂੰ ਇਹ ਸਹੂਲਤਾਂ ਕਿਉਂ ਨਹੀਂ ਦਿੱਤੀਆਂ ਜਾਂਦੀਆਂ। ਜੇ ਕਿਸੇ ਕੋਲੋਂ ਬਿੱਲ ਦੀ ਰਕਮ ਵਸੂਲ ਕੀਤੀ ਜਾਂਦੀ ਹੈ, ਉਸ ਵਿੱਚ ਕਈ ਟੈਕਸ ਨਗਰ ਨਿਗਮਾਂ ਅਤੇ ਸਰਕਾਰ ਦੇ ਹੁੰਦੇ ਹਨ ਅਤੇ ਇਹ ਰਕਮ ਸਰਕਾਰ ਜਾਂ ਸਬੰਧਤ ਵਿਭਾਗ ਦੇ ਖਾਤੇ ਵਿੱਚ ਚਲੀ ਜਾਂਦੀ ਹੈ।



ਪੰਜਾਬ ਦੇ ਬਿਜਲੀ ਵਿਭਾਗ, ਪਾਵਰਕਾਮ ਵੱਲੋਂ ਖਪਤਕਾਰਾਂ ਤੋਂ ਜਿਹੜੇ ਬਿਜਲੀ ਦੇ ਬਿੱਲ ਵਸੂਲੇ ਜਾਂਦੇ ਹਨ, ਉਸ ਵਿੱਚ 20 ਫੀਸਦੀ ਦੇ ਕਰੀਬ ਟੈਕਸ ਹੁੰਦੇ ਹਨ, ਜਿਸ ਕਰਕੇ ਪੰਜਾਬ ਦੇ ਖਪਤਕਾਰਾਂ ਨੂੰ ਇਸ ਵੇਲੇ ਬਿਜਲੀ ਦੂਜੇ ਰਾਜਾਂ ਤੋਂ ਮਹਿੰਗੀ ਮਿਲਦੀ ਹੈ। ਪਾਵਰਕਾਮ ਦੀ ਬਿਜਲੀ ਚਾਹੇ ਦੂਜੇ ਰਾਜਾਂ ਦੇ ਬਰਾਬਰ ਹੈ ਜਾਂ ਘੱਟ ਹੈ, ਪਰ ਵਿਕਾਸ ਜਾਂ ਹੋਰ ਟੈਕਸ ਲੱਗਣ ਨਾਲ ਬਿਜਲੀ ਮਹਿੰਗੀ ਹੋ ਜਾਂਦੀ ਹੈ। ਬਿਜਲੀ ਦੇ ਬਿੱਲ ਵਿੱਚ ਸ਼ਾਮਲ ਕੀਤੇ ਟੈਕਸਾਂ ਵਿੱਚ ਅੱਠ ਫੀਸਦੀ ਦੇ ਕਰੀਬ ਬਿਜਲੀ ਡਿਊਟੀ, ਪੰਜ ਫੀਸਦੀ ਸਮਾਜਿਕ ਸੁਰੱਖਿਆ ਫੰਡ, ਪੰਜ ਫੀਸਦੀ ਬੁਨਿਆਦੀ ਢਾਂਚਾ ਵਿਕਾਸ ਫੰਡ, ਦੋ ਫੀਸਦੀ ਮਿਉਸੀਪਲ ਕਰ ਤੇ ਇਕ ਜਾਂ ਦੋ ਪੈਸੇ ਦੇ ਕਰੀਬ ਗਊ ਟੈਕਸ ਲਿਆ ਜਾਂਦਾ ਹੈ। ਬਿਜਲੀ ਬਿੱਲਾਂ ਤੋਂ ਬਿਨਾ ਇਕ ਦਰਦਨ ਦੇ ਕਰੀਬ ਵਸਤਾਂ ਉਤੇ ਗਊ ਟੈਕਸ ਲਿਆ ਜਾਂਦਾ ਅਤੇ ਚੁੰਗੀ ਵਸੂਲੀ ਵੀ ਕੀਤੀ ਜਾਂਦੀ ਹੈ। ਬਿਜਲੀ ਬਿੱਲਾਂ ਵਿੱਚ ਮਿਉਂਸਪਲ ਟੈਕਸ ਦੀ ਵਸੂਲੀ ਕੀਤੀ ਜਾਂਦੀ ਹੈ, ਪਰ ਕਈ ਨਗਰ ਨਿਗਮਾਂ ਜਾਂ ਕਮੇਟੀਆਂ ਫੰਡ ਲੈਣ ਨੂੰ ਚੰਡੀਗੜ੍ਹ ਚੱਕਰ ਮਾਰਦੀਆਂ ਰਹਿੰਦੀਆਂ ਹਨ। ਜਲੰਧਰ ਨਿਗਮ ਨੇ ਬਿਜਲੀ ਤੋਂ ਚੁੰਗੀ ਵਸੂਲੀ ਦੇ 11 ਕਰੋੜ ਰੁਪਏ ਲੈਣੇ ਹਨ।

ਆਮ ਲੋਕਾਂ ਦਾ ਕਹਿਣਾ ਹੈ ਕਿ ਬਿਜਲੀ ਬਿੱਲਾਂ ਸਮੇਤ ਸੀਮੈਂਟ, ਸ਼ਰਾਬ, ਤੇਲ ਟੈਂਕਰ, ਗੱਡੀਆਂ ਤੋਂ ਗਊ ਟੈਕਸ ਦੀ ਵਸੂਲੀ ਕੀਤੀ ਜਾਂਦੀ ਹੈ, ਪਰ ਇਹ ਸਾਰੀ ਰਕਮ ਆਵਾਰਾ ਗਊ ਸੰਭਾਲ 'ਤੇ ਕਿਉਂ ਨਹੀਂ ਖਰਚ ਕੀਤੀ ਜਾਂਦੀ। ਤਿੰਨ ਸਾਲ ਪਹਿਲਾਂ ਰਾਜ ਸਰਕਾਰ ਨੇ ਪਾਣੀ ਅਤੇ ਸੀਵਰੇਜ ਦੇ ਬਿੱਲਾਂ ਦੀਆਂ ਰਕਮਾਂ ਨੂੰ ਬਿਜਲੀ ਬਿੱਲਾਂ ਵਿੱਚ ਪਾ ਕੇ ਵਸੂਲਣ ਦਾ ਕੰਮ ਸ਼ੁਰੂ ਕੀਤਾ ਸੀ, ਕਿਉਂਕਿ ਨਿਗਮਾਂ ਅਤੇ ਕਮੇਟੀਆਂ ਆਪ ਪਾਣੀ ਤੇ ਸੀਵਰੇਜ ਦੇ ਬਿੱਲਾਂ ਦੀਆਂ ਰਕਮਾਂ ਪੂਰੀ ਤਰ੍ਹਾਂ ਵਸੂਲਣ ਵਿੱਚ ਸਫਲ ਨਹੀਂ ਹੋ ਸਕੀਆਂ। ਅੰਮ੍ਰਿਤਸਰ ਸਮੇਤ ਕੁਝ ਹੋਰ ਸ਼ਹਿਰਾਂ ਵਿੱਚ ਬਿਜਲੀ ਬਿੱਲਾਂ ਵਿੱਚ ਪਾਣੀ ਤੇ ਸੀਵਰੇਜ ਦੇ ਬਿੱਲਾਂ ਦੀ ਰਕਮਾਂ ਸ਼ਾਮਲ ਕਰਕੇ ਭੇਜੀਆਂ ਗਈਆਂ, ਪਰ ਇਹ ਪ੍ਰਾਜੈਕਟ ਸਿਰੇ ਨਹੀਂ ਚੜ੍ਹਿਆ ਤੇ ਫਿਰ ਵਿਧਾਨ ਸਭਾ ਚੋਣਾਂ ਕਰਕੇ ਸਰਕਾਰ ਨੇ ਪਾਣੀ ਤੇ ਸੀਵਰੇਜ ਦੇ ਬਿੱਲਾਂ ਦੀਆਂ ਰਕਮਾਂ ਨੂੰ ਵਸੂਲਣ ਦਾ ਕੰਮ ਵਿਚਕਾਰ ਛੱਡ ਦਿੱਤਾ ਸੀ। ਪਾਵਰਕਾਮ ਨੇ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਜੇ ਪਾਣੀ ਤੇ ਸੀਵਰੇਜ ਦੇ ਬਿੱਲਾਂ ਦੀਆਂ ਰਕਮਾਂ ਬਿਜਲੀ ਬਿੱਲਾਂ ਵਿੱਚ ਸ਼ਾਮਲ ਕੀਤੀਆਂ ਗਈਆਂ ਤਾਂ ਇਸ ਨਾਲ ਉਨ੍ਹਾਂ ਦੀ ਆਪਣੀ ਵਸੂਲੀ ਪ੍ਰਭਾਵਤ ਹੋ ਸਕਦੀ ਹੈ। ਅਜੇ ਤੱਕ ਬਿਜਲੀ ਦੇ ਬਿੱਲਾਂ ਵਿੱਚ ਕਈ ਟੈਕਸ ਸ਼ਾਮਲ ਕਰਕੇ ਉਨ੍ਹਾਂ ਨੂੰ ਆਸਾਨੀ ਨਾਲ ਵਸੂਲਣ ਦਾ ਕੰਮ ਚੱਲਦਾ ਹੈ, ਪਰ ਪਾਵਰਕਾਮ ਬਿਜਲੀ ਦੇ ਬਿੱਲਾਂ ਵਿੱਚ ਨਵਾਂ ਟੈਕਸ ਸ਼ਾਮਲ ਕਰਨ ਲਈ ਤਿਆਰ ਨਹੀਂ ਹੈ।

## ਕੋਰੀਅਰ ਕੰਪਨੀ ਤੋਂ ਤਿੰਨ ਲੱਖ ਰੁਪਏ ਗੰਨ ਪੁਆਇੰਟ ਉੱਤੇ ਲੁੱਟੇ

ਜਲੰਧਰ, 10 ਜੂਨ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਹੇਠੇ ਸੁੱਚੀ ਪਿੰਡ ਦੇ ਨੇੜੇ ਮੇਨ ਹਾਈਵੇ ਉਤੇ ਈ ਕਾਮ ਕੋਰੀਅਰ ਕੰਪਨੀ ਵਿੱਚ ਲੁੱਟ ਦੀ ਵਾਰਦਾਤ ਹੋ ਗਈ ਹੈ। ਰਾਤ ਸਾਢੇ ਅੱਠ ਵਜੇ ਦੇ ਕਰੀਬ ਕਾਰ ਸਵਾਰ ਚਾਰ ਨਕਾਬਪੋਸ਼ ਲੁਟੇਰਿਆਂ ਨੇ ਗਨ ਪੁਆਇੰਟ 'ਤੇ ਕੰਪਨੀ ਦੇ ਸੁਪਰਵਾਈਜ਼ਰ ਤੇ ਵਰਕਰ ਤੋਂ ਤਿੰਨ ਲੱਖ ਦੇ ਕਰੀਬ ਕੈਸ਼ ਲੁੱਟ ਲਿਆ।

ਕੋਰੀਅਰ ਕੰਪਨੀ ਦੇ ਮਾਲਕ ਰਮਨ ਕੁਮਾਰ ਪੁੱਤਰ ਜੋਗਿੰਦਰ ਸਿੰਘ ਵਾਸੀ ਮੁਹੱਲਾ ਕੋਟ ਰਾਮ ਦਾਸ ਨੇ ਦੱਸਿਆ ਕਿ ਉਨ੍ਹਾਂ ਨੂੰ ਸੁਪਰਵਾਈਜ਼ਰ ਸੁਖਪ੍ਰੀਤ ਦਾ ਫੋਨ ਆਇਆ ਕਿ ਉਹ ਅਤੇ ਦੂਸਰਾ ਵਰਕਰ ਅਮਨਦੀਪ ਲਾਕਰ ਵਿੱਚ ਤਿੰਨ ਦਿਨ ਦਾ ਕੁਲੈਕਸ਼ਨ ਕਰੀਬ ਤਿੰਨ ਲੱਖ ਰੁਪਏ ਰੱਖ ਕੇ ਘਰ ਨੂੰ ਜਾਣ ਲੱਗੇ ਸਨ ਕਿ ਕਾਰ ਸਵਾਰ ਤਿੰਨ-ਚਾਰ ਨੌਜਵਾਨ ਆਏ, ਜਿਨ੍ਹਾਂ ਨੇ ਮੂੰਹ ਬੰਨ੍ਹੇ ਹੋਏ ਸਨ। ਉਨ੍ਹਾਂ ਵਿੱਚੋਂ ਇੱਕ ਦੇ ਕੋਲ ਰਿਵਾਲਵਰ ਸੀ, ਇੱਕ ਕੋਲ ਕ੍ਰਿਪਾਨ, ਇੱਕ ਕੋਲ ਗੰਡਾਸਾ ਅਤੇ ਚੌਥੇ ਕੋਲ ਬੇਸਬਾਲ ਸੀ। ਲੁਟੇਰਿਆਂ ਨੇ ਲਾਕਰ ਦੀ ਚਾਬੀ ਮੰਗੀ, ਜਦ ਉਨ੍ਹਾਂ ਨੇ ਦੇਣ ਤੋਂ ਇਨਕਾਰ ਕੀਤਾ ਤਾਂ ਰਿਵਾਲਵਰ ਵਾਲਾ ਨੌਜਵਾਨ ਬੋਲਿਆ, ਜਾਨ ਪਿਆਰੀ ਹੈ ਤਾਂ ਚਾਬੀ ਦਿਓ। ਇਸ ਉਤੇ ਉਨ੍ਹਾਂ ਨੇ ਚਾਬੀ ਦੇ ਦਿੱਤੀ। ਦੋਸ਼ੀ ਨੇ ਲਾਕਰ ਵਿੱਚ ਰੱਖਿਆ ਤਿੰਨ ਲੱਖ ਕੈਸ਼ ਕੱਢ ਲਿਆ ਅਤੇ ਕੋਰੀਅਰ ਕੰਪਨੀ ਦੇ ਸੀ ਸੀ ਟੀ ਵੀ ਕੈਮਰੇ ਦਾ ਡੀ ਵੀ ਆਰ ਕੱਢ ਕੇ ਲੈ ਗਏ।

ਸੁਪਰਵਾਈਜ਼ਰ ਸੁਖਪ੍ਰੀਤ ਅਤੇ ਵਰਕਰ ਅਮਨਦੀਪ ਨੇ ਦੱਸਿਆ ਕਿ ਦੁਕਾਨ ਦੀ ਬਾਹਰ ਦੀ ਲਾਈਟ ਬੰਦ ਹੋਣ ਦੇ ਕਾਰਨ ਉਹ ਨਾ ਕਾਰ ਦਾ ਨੰਬਰ ਦੇਖ ਸਕੇ ਅਤੇ ਨਾ ਰੰਗ ਪਛਾਣ ਵਿੱਚ ਆਇਆ, ਪਰ ਦੇਖਣ ਵਿੱਚ ਜ਼ੈਨ ਕਾਰ ਲੱਗ ਰਹੀ ਸੀ। ਰਮਨ ਦੇ ਮੁਤਾਬਕ ਉਨ੍ਹਾਂ ਨੂੰ ਫੋਨ ਆਇਆ ਤਾਂ ਪੰਜ-10 ਮਿੰਟ ਵਿੱਚ ਉਹ ਦੁਕਾਨ 'ਤੇ ਪਹੁੰਚੇ ਅਤੇ ਪੁਲਸ ਨੂੰ ਸੂਚਨਾ ਦਿੱਤੀ। ਇਸ ਦੇ ਬਾਅਦ ਏ ਡੀ ਸੀ ਪੀ ਡੀ ਸੁਡਰਵਿਲੀ ਅਤੇ ਏ ਸੀ ਪੀ ਸੈਂਟਰਲ ਹਰਸਿਮਰਤ ਕੌਰ ਚੇਤਰਾ ਮੌਕੇ 'ਤੇ ਪਹੁੰਚੇ ਅਤੇ ਕਾਰਵਾਈ ਕਰਦੇ ਹੋਏ ਸੁਪਰਵਾਈਜ਼ਰ ਸੁਖਪ੍ਰੀਤ ਅਤੇ ਵਰਕਰ ਅਮਨਦੀਪ ਨੂੰ ਪੁੱਛਗਿੱਛ ਦੇ ਲਈ ਰਾਮਾਮੰਡੀ ਥਾਣੇ ਲੈ ਗਏ। ਥਾਣਾ ਰਾਮਾਮੰਡੀ ਇੰਚਾਰਜ ਸੁਖਜੀਤ ਸਿੰਘ ਨੇ ਦੱਸਿਆ ਕਿ ਮਾਮਲੇ ਨੂੰ ਵੈਰੀਫਾਈ ਕੀਤਾ ਜਾ ਰਿਹਾ ਹੈ, ਫਿਲਹਾਲ ਉਨ੍ਹਾਂ ਨੂੰ ਲੁੱਟ ਦੇ ਕੋਈ ਸਬੂਤ ਨਹੀਂ ਮਿਲੇ ਹਨ।

## ਕ੍ਰਿਕਟਰ ਯੁਵਰਾਜ ਨੇ ਪ੍ਰੈਸ ਕਾਨਫਰੰਸ ਵਿੱਚ ਸੰਨਿਆਸ ਦਾ ਐਲਾਨ ਕੀਤਾ

ਮੁੰਬਈ, 10 ਜੂਨ (ਪੋਸਟ ਬਿਊਰੋ)- ਭਾਰਤ ਦੇ ਸਾਲ 2007 ਟੀ-20 ਵਿਸ਼ਵ ਕੱਪ ਅਤੇ 2011 ਵਿਸ਼ਵ ਕੱਪ ਦੇ ਹੀਰੋ ਯੁਵਰਾਜ ਸਿੰਘ ਨੇ ਅੱਜ ਸੋਮਵਾਰ ਨੂੰ ਕੌਮਾਂਤਰੀ ਕ੍ਰਿਕੇਟ ਤੋਂ ਸੰਨਿਆਸ ਦਾ ਐਲਾਨ ਕਰ ਦਿਤਾ ਹੈ।



ਮੁੰਬਈ ਦੇ ਸਾਊਥ ਹੋਟਲ ਵਿਚ ਕ੍ਰਿਕੇਟ ਤੋਂ ਸੰਨਿਆਸ ਲੈਣ ਲਈ ਸੱਦੀ ਪ੍ਰੈੱਸ ਕਾਨਫਰੰਸ ਵਿੱਚ ਯੁਵਾਰਜ ਸਿੰਘ ਨੇ ਕਿਹਾ ਕਿ ਇਹ ਉਨ੍ਹਾਂ ਲਈ ਕਾਫ਼ੀ ਭਾਵਨਾਤਮਕ ਪਲ ਹਨ ਅਤੇ ਉਨ੍ਹਾਂ ਦਾ ਕਰੀਅਰ ਇਕ ਰੋਲਰ-ਕੋਸਟਰ ਦੀ ਤਰ੍ਹਾਂ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਕਾਫ਼ੀ ਸਮੇਂ ਤੋਂ ਰਿਟਾਇਰਮੈਂਟ ਬਾਰੇ ਸੋਚ ਰਹੇ ਸਨ ਅਤੇ ਅਗੋਂ ਉਨ੍ਹਾਂ ਦਾ ਪਲੈਨ ਆਈ ਸੀ ਸੀ ਵਲੋਂ ਮਾਨਤਾ ਪ੍ਰਾਪਤ ਟੀ-20 ਟੂਰਨਾਮੈਂਟਸ ਵਿਚ ਖੇਡਣ ਦਾ ਹੈ। ਯੁਵਰਾਜ ਸਿੰਘ ਨੇ ਕਿਹਾ ਕਿ ਮੈਂ ਕਦੇ ਕਿਸੇ ਚੁਣੌਤੀ ਦੇ ਅੱਗੇ ਹਾਰ ਨਹੀਂ ਮੰਨੀ, ਚਾਹੇ ਉਹ ਕ੍ਰਿਕੇਟ ਦਾ ਮੈਚ ਹੋਵੇ ਜਾਂ ਕੈਂਸਰ ਜਿਹੀ ਬਿਮਾਰੀ। ਉਸ ਨੇ ਸਾਊਥ ਮੁੰਬਈ ਹੋਟਲ ਵਿਚ ਪ੍ਰੈੱਸ ਕਾਨਫਰੰਸ ਵਿੱਚ ਜਦੋਂ ਇਹ ਐਲਾਨ ਕੀਤਾ ਤਾਂ ਇਸ ਨੂੰ ਸੁਣ ਕੇ ਮੂਹਰੇ ਬੈਠੀ ਉਨ੍ਹਾਂ ਦੀ ਮਾਂ ਦੇ ਹੰਝੂ ਨਿਕਲ ਆਏ।

ਵਰਨਣ ਯੋਗ ਹੈ ਕਿ ਯੁਵਰਾਜ ਸਿੰਘ ਅਪਣੀ ਮਾਂ ਦੇ ਕਾਫ਼ੀ ਨੇੜੇ ਹਨ। ਸੰਨਿਆਸ ਦਾ ਐਲਾਨ ਕਰਨ ਸਮੇਂ ਉਨ੍ਹਾ ਨੇ ਕਿਹਾ ਕਿ ਮੇਰੀ ਮਾਂ ਹਮੇਸ਼ਾ ਮੇਰੀ ਤਾਕਤ ਰਹੀ ਹੈ। ਮੈਂ ਅਪਣੇ ਪਿਤਾ ਦਾ ਦੇਸ਼ ਲਈ ਖੇਡਣ ਦਾ ਸੁਪਨਾ ਪੂਰਾ ਕਰਨ ਲਈ ਬਚਪਨ ਤੋਂ ਕੋਸ਼ਿਸ਼ ਕੀਤੀ ਸੀ। ਅਪਣੇ ਕ੍ਰਿਕੇਟ ਕਰੀਅਰ ਨੂੰ ਯਾਦ ਕਰਦੇ ਹੋਏ ਯੁਵਰਾਜ ਨੇ ਕਿਹਾ ਕਿ ਅਪਣੇ 25 ਸਾਲਾ ਕਰੀਅਰ ਅਤੇ ਖ਼ਾਸ ਤੌਰ ਉੱਤੇ 17 ਸਾਲ ਦੇ ਅੰਤਰਰਾਸ਼ਟਰੀ ਕਰੀਅਰ ਵਿਚ ਕਈ ਉਤਾਰ-ਚੜ੍ਹਾਅ ਵੇਖੇ। ਮੈਂ ਅੱਗੇ ਵਧਣ ਦਾ ਫ਼ੈਸਲਾ ਲੈ ਲਿਆ ਹੈ। ਇਸ ਖੇਡ ਨੇ ਮੈਨੂੰ ਸਿਖਾਇਆ ਕਿ ਕਿਵੇਂ ਲੜਨਾ ਹੈ, ਡਿੱਗਣਾ ਹੈ, ਫਿਰ ਉੱਠਣਾ ਹੈ ਅਤੇ ਅੱਗੇ ਵੱਧਣਾ ਹੈ। ਮਿਲੀ ਜਾਣਕਾਰੀ ਮੁਤਾਬਕ ਯੁਵਰਾਜ ਅੰਤਰਰਾਸ਼ਟਰੀ ਕ੍ਰਿਕੇਟ ਤੋਂ ਸੰਨਿਆਸ ਲੈਣ ਪਿੱਛੋਂ ਆਈ ਸੀ ਸੀ ਵੱਲੋਂ ਮਾਨਤਾ ਪ੍ਰਾਪਤ ਵਿਦੇਸ਼ੀ ਟੀ-20 ਲੀਗ ਵਿਚ ਖੇਡਣਾ ਚਾਹੁੰਦੇ ਹਨ।

## ਛੁੱਟੀ ਆਏ ਫੌਜੀ ਨੂੰ ਥਾਣੇ ਵਿੱਚ ਨੰਗਾ ਕਰ ਕੇ ਕੁੱਟਣ ਦਾ ਦੋਸ਼

ਪਟਿਆਲਾ, 10 ਜੂਨ (ਪੋਸਟ ਬਿਊਰੋ)- ਥਾਣਾ ਸਦਰ ਦੀ ਚੌਕੀ ਬਹਾਦਰਗੜ੍ਹ ਪੁਲਸ ਦੀ ਛੁੱਟੀ ਲਈ ਘਰ ਆਏ ਫੌਜੀ ਨੂੰ ਥਾਣੇ ਲਿਜਾ ਕੇ ਨੰਗਾ ਕਰ ਕੇ ਕੁੱਟਣ ਦਾ ਦੋਸ਼ ਲਾਇਆ ਗਿਆ ਹੈ।

ਦੱਸਿਆ ਜਾਂਦਾ ਹੈ ਕਿ ਇਹ ਘਟਨਾ ਸ਼ਨੀਵਾਰ ਰਾਤ 10 ਵਜੇ ਪਿੱਛੋਂ ਦੀ ਹੈ। ਪਰਵਾਰ ਨੇ ਇਸ ਦੀ ਵੀਡੀਓ ਬਣਾ ਕੇ ਸੋਸ਼ਲ ਸਾਈਟ ਉੱਤੇ ਪਾ ਦਿੱਤੀ ਤਾਂ ਵਾਇਰਲ ਹੋਣ ਦੇ ਬਾਅਦ ਚੌਕੀ ਬਹਾਦੁਰਗੜ੍ਹ ਪੁਲਸ ਅਤੇ ਫੌਜੀ ਦੇ ਪਰਵਾਰ ਦਾ ਸਮਝੌਤਾ ਹੋ ਗਿਆ, ਪ੍ਰੰਤੂ ਸੀਨੀਅਰ ਪੁਲਸ ਅਫਸਰਾਂ ਨੇ ਇਸ ਦਾ ਨੋਟਿਸ ਲਿਆ ਹੈ। ਫੌਜੀ ਸੁਖਵਿੰਦਰ ਸਿੰਘ ਛੁੱਟੀ 'ਤੇ ਘਰ ਆਇਆ ਸੀ। ਪਰਵਾਰ ਨਾਲ ਝਗੜਾ ਹੋਇਆ ਤਾਂ ਪਿਤਾ ਨੇ ਪੁਲਸ ਚੌਕੀ ਬਹਾਦੁਰਗੜ੍ਹ ਨੂੰ ਸ਼ਿਕਾਇਤ ਕੀਤੀ ਅਤੇ ਪੁਲਸ ਉਸ ਦੇ ਘਰ ਪਹੁੰਚੀ। ਸੁਖਵਿੰਦਰ ਜਦ ਪੁਲਸ ਚੌਕੀ ਗਿਆ ਤਾਂ ਹੰਗਾਮਾ ਹੋ ਗਿਆ। ਇਥੇ ਪੁਲਸ ਅਤੇ ਸੁਖਵਿੰਦਰ ਉਲਝ ਗਏ। ਸੁਖਵਿੰਦਰ ਦੇ ਭਰਾ ਬਲਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਉਹ ਜਦ ਪੁਲਸ ਚੌਕੀ ਪਹੁੰਚਿਆ ਤਾਂ ਉਸ ਦੇ ਭਰਾ ਨੂੰ ਨੰਗਾ ਕਰ ਕੇ ਕੁੱਟਿਆ ਜਾ ਰਿਹਾ ਸੀ। ਇਸ ਦੌਰਾਨ ਚੌਕੀ ਦਾ ਸ਼ੀਸ਼ਾ ਵੀ ਟੁੱਟ ਗਿਆ ਅਤੇ ਸੁਖਵਿੰਦਰ ਲਹੂ ਲੁਹਾਨ ਹੋ ਗਿਆ। ਵਿਰੋਧ ਕਰਨ ਉੱਤੇ ਭਰਾ ਨੂੰ ਚੌਕੀ ਤੋਂ ਬਾਹਰ ਕੱਢਿਆ ਅਤੇ ਉਸ ਨੂੰ ਲੈ ਕੇ ਹਸਪਤਾਲ ਪਹੁੰਚੇ। ਬਲਵਿੰਦਰ ਨੇ ਕਿਹਾ ਕਿ ਜਦ ਉਨ੍ਹਾਂ ਦੀ ਮਾਂ ਪੁਲਸ ਚੌਕੀ ਪਹੁੰਚੀ ਤਾਂ ਮੁਲਾਜ਼ਮਾਂ ਨੇ ਉਨ੍ਹਾਂ ਨਾਲ ਧੱਕਾ-ਮੁੱਕੀ ਕੀਤੀ। ਬਲਵਿੰਦਰ ਨੇ ਕਿਹਾ ਕਿ ਪੁਲਸ ਨੇ ਉਸ ਦੇ ਨਾਲ ਵੀ ਹੱਥੋਪਾਈ ਕੀਤੀ। ਚੌਕੀ ਇੰਚਾਰਜ ਐੱਸ ਆਈ ਅੰਕੁਰਦੇਵ ਸਿੰਘ ਨੇ ਕਿਹਾ ਕਿ ਫੌਜੀ ਦੇ ਖਿਲਾਫ ਉਸ ਦੇ ਪਿਤਾ ਨੇ ਸ਼ਿਕਾਇਤ ਦਿੱਤੀ ਸੀ ਕਿ ਉਹ ਘਰ ਵਿੱਚ ਭੰਨ ਤੋੜ ਕਰ ਰਿਹਾ ਹੈ। ਇਸ 'ਤੇ ਫੌਜੀ ਖੁਦ ਥਾਣੇ ਆਇਆ ਅਤੇ ਇਥੇ ਮੁਲਾਜ਼ਮਾਂ ਨੂੰ ਗਾਲ੍ਹਾਂ ਕੱਢੀਆਂ। ਜਦ ਉਸ ਨੇ ਆਪਣਾ ਸਿਰ ਤੇ ਹੱਥ ਮਾਰ ਕੇ ਸ਼ੀਸ਼ਾ ਤੋੜਿਆ ਤਾਂ ਉਸ ਤੋਂ ਬੱਚਣ ਦੇ ਚੱਕਰ ਵਿੱਚ ਮੁਲਾਜ਼ਮ ਵੀ ਜ਼ਖਮੀ ਹੋਇਆ।

## ਫਰਜ਼ੀ ਬੈਂਕ ਖਾਤਾ ਖੁੱਲ੍ਹਵਾ ਕੇ 32 ਲੱਖ ਇਧਰੋਂ-ਓਧਰ ਕੀਤੇ

ਲੁਧਿਆਣਾ, 10 ਜੂਨ (ਪੋਸਟ ਬਿਊਰੋ)- ਐਚ ਡੀ ਐਫ ਸੀ ਬੈਂਕ ਦੇ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਕੁਝ ਵਿਅਕਤੀਆਂ ਨੇ ਹੁਸ਼ਿਆਰਪੁਰ ਵਾਸੀ ਬਜ਼ੁਰਗ ਦੇ ਨਾਂ ਉਤੇ ਖਾਤਾ ਖੁੱਲ੍ਹਵਾ ਕੇ 32 ਲੱਖ ਰੁਪਏ ਦੀ ਟਰਾਂਜ਼ੈਕਸ਼ਨ ਕਰ ਲਈ ਹੈ। ਇਹ ਮਾਮਲਾ ਸਾਹਮਣੇ ਆਉਣ ਤੱਕ ਉਸ ਬਜ਼ੁਰਗ ਖਾਤਾ ਧਾਰਕ ਨੂੰ ਕੁਝ ਜਾਣਕਾਰੀ ਨਹੀਂ ਸੀ। ਸਾਰੀ ਗੱਲ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ ਬਜ਼ੁਰਗ ਨੂੰ ਇਨਕਮ ਟੈਕਸ ਵਿਭਾਗ ਵੱਲੋਂ ਸੰਮਨ ਭੇਜੇ ਗਏ। ਇਸ ਬਾਰੇ ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੇ ਜਗਦੀਸ਼ ਸਚਦੇਵਾ ਵਾਸੀ ਮੁਹੱਲਾ ਕਮਾਲਪੁਰਾ ਹੁਸ਼ਿਆਰਪੁਰ ਦੇ ਬਿਆਨਾਂ ਉੱਤੇ ਦੀਪਿਕਾ ਉਪਲ, ਗੁਰਪ੍ਰੀਤ ਸਿੰਘ, ਅਜੇ ਸਿੰਘਾਨੀਆ, ਸ਼ਿਪਾਲੀ ਦੱਤ, ਨੀਤਿਕਾ ਮਹੇਸ਼ਵਰੀ ਅਤੇ ਅਮਿਤ ਕੁਮਾਰ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਦੇ ਅਧਿਕਾਰੀਆਂ ਨੂੰ ਜਗਦੀਸ਼ ਸਚਦੇਵਾ ਨੇ ਦੱਸਿਆ ਕਿ ਉਨ੍ਹਾਂ ਨੂੰ ਕੁਝ ਸਮੇਂ ਪਹਿਲਾਂ ਇਨਕਮ ਟੈਕਸ ਵਿਭਾਗ ਦਾ ਸੰਮਨ ਆਇਆ ਸੀ। ਇਸ ਦੌਰਾਨ ਵਿਭਾਗ ਵੱਲੋਂ ਉਨ੍ਹਾਂ ਨੂੰ ਲੁਧਿਆਣਾ ਦੇ ਮਾਲ ਰੋਡ ਵਿਖੇ ਆਪਣੇ ਐਚ ਡੀ ਐਫ ਸੀ ਬੈਂਕ 'ਚ ਕੀਤੀ 32 ਲੱਖ ਰੁਪਏ ਦੀ ਟਰਾਂਜ਼ੈਕਸ਼ਨ ਬਾਰੇ ਪੁੱਛਿਆ ਗਿਆ। ਇਹ ਜਾਣ ਕੇ ਉਨ੍ਹਾਂ ਨੂੰ ਹੈਰਾਨੀ ਹੋਈ ਕਿ ਉਨ੍ਹਾਂ ਦਾ ਐਚ ਡੀ ਐਫ ਸੀ ਬੈਂਕ 'ਚ ਕੋਈ ਖਾਤਾ ਹੀ ਨਹੀਂ। ਉਨ੍ਹਾਂ ਨੇ ਲੁਧਿਆਣਾ ਪੁਲਸ ਕਮਿਸ਼ਨਰ ਨੂੰ ਇਕ ਸ਼ਿਕਾਇਤ ਦਿੱਤੀ। ਪੁਲਸ ਵੱਲੋਂ ਕੀਤੀ ਪੜਤਾਲ ਤੋਂ ਸਾਹਮਣੇ ਆਇਆ ਕਿ ਦੋਸ਼ੀਆਂ ਵੱਲੋਂ ਐਚ ਡੀ ਐਫ ਸੀ ਬੈਂਕ ਦੇ ਮੁਲਾਜ਼ਮਾਂ ਨਾਲ ਮਿਲੀਭੁਗਤ ਕਰਕੇ ਇਹ ਹਰਕਤ ਕੀਤੀ ਗਈ ਹੈ।




## ਕਿਡਨੀ ਕਾਂਡ ਵਿਚ ਗ੍ਰਿਫਤਾਰ ਡਾਕਟਰ ਦੇ ਤਾਰ ਜਲੰਧਰ ਕਾਂਡ ਨਾਲ ਜੁੜਨ ਲੱਗੇ

ਜਲੰਧਰ, 10 ਜੂਨ (ਪੋਸਟ ਬਿਊਰੋ)- ਸਾਲ 2016 ਵਿੱਚ ਜਲੰਧਰ ਵਿੱਚ ਹੋਏ ਕਿਡਨੀ ਕਾਂਡ ਵਿੱਚ ਤਿੰਨ ਸਾਲ ਬਾਅਦ ਨਵੀਂ ਹਲਚਲ ਹੋ ਸਕਦੀ ਹੈ। ਕਾਨਪੁਰ ਵਿੱਚ ਹੋਏ ਕਿਡਨੀ ਕਾਂਡ ਵਿੱਚ ਪੁਸ਼ਪਾਪਤੀ ਸਿੰਘਾਨੀਆ ਰਿਸਰਚ ਇੰਸਟੀਚਿਊਟ ਦੇ ਜਿਸ ਡਾਕਟਰ ਦੀਪਕ ਸ਼ੁਕਲ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ, ਉਸ ਬਾਰੇ ਉਥੇ ਐੱਸ ਪੀ ਕਰਾਈਮ ਰਾਜੇਸ਼ ਯਾਦਵ ਨੇ ਪ੍ਰੈਸ ਕਾਨਫਰੰਸ ਵਿੱਚ ਖੁਲਾਸਾ ਕੀਤਾ ਕਿ ਜਲੰਧਰ ਵਿੱਚ ਹੋਏ ਕਿਡਨੀ ਕਾਂਡ ਵਿੱਚ ਗ੍ਰਿਫਤਾਰ ਹੋਏ ਵਰਦਾਨ ਚੰਦਰ ਦੀ ਕਿਡਨੀ ਵੀ ਏਸੇ ਡਾਕਟਰ ਦੀਪਕ ਦੀ ਮਨਜ਼ੂਰੀ ਦੇ ਬਾਅਦ ਕੱਢੀ ਗਈ ਸੀ। ਕਾਨਪੁਰ ਵਿੱਚ ਹੋਏ ਇਸ ਵੱਡੇ ਖੁਲਾਸੇ ਨਾਲ ਡਾਕਟਰ ਦੀਪਕ ਦੇ ਤਾਰ ਜਲੰਧਰ ਕਿਡਨੀ ਕਾਂਡ ਨਾਲ ਜੁੜਨ ਲੱਗੇ ਹਨ। ਅੱਗੋਂ ਜਲੰਧਰ ਪੁਲਸ ਦੀ ਜਾਂਚ ਦਾ ਵਿਸ਼ਾ ਹੈ ਕਿ ਜਲੰਧਰ ਕਿਡਨੀ ਕਾਂਡ ਵਾਲੇ ਡਾਕਟਰਾਂ ਨਾਲ ਡਾਕਟਰ ਦੀਪਕ ਦੇ ਸੰਬੰਧ ਸਨ ਜਾਂ ਨਹੀਂ। ਵਰਦਾਨ ਚੰਦਰ ਦੀ ਕਿਡਨੀ ਡਾਕਟਰ ਦੀਪਕ ਦੀ ਮਨਜ਼ੂਰੀ ਨਾਲ ਕੱਢੀ ਗਈ ਸੀ ਤਾਂ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਜਲੰਧਰ ਦੇ ਡਾਕਟਰਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਹੋਵੇਗਾ। ਇਨ੍ਹਾਂ ਦੀ ਖੋਜ ਲਈ ਜਲੰਧਰ ਪੁਲਸ ਕਾਨ-ਪੁਰ ਵਿੱਚ ਗ੍ਰਿਫਤਾਰ ਡਾਕਟਰ ਦੀਪਕ ਸ਼ੁਕਲ ਨੂੰ ਜਲੰਧਰ ਲਿਆਉਣ ਬਾਰੇ ਸੋਚ ਰਹ ਹੈ। ਡੀ ਸੀ ਪੀ ਗੁਰਮੀਤ ਸਿੰਘ ਦਾ ਕਹਿਣਾ ਸੀ ਕਿ ਹਾਲੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਸਾਰੇ ਮਾਮਲੇ ਦੀ ਗਹਿਰਾਈ ਨਾਲ ਜਾਂਚ ਦੇ ਬਾਅਦ ਹੀ ਡਾਕਟਰ ਦੀਪਕ ਨੂੰ ਜਲੰਧਰ ਲਿਆਉਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।



ਵਰਨਣ ਯੋਗ ਹੈ ਕਿ ਕਾਨਪੁਰ ਕਿਡਨੀ ਕਾਂਡ ਵਿੱਚ ਗ੍ਰਿਫਤਾਰ ਹੋਏ ਸਬੂਰ ਅਹਿਮਦ ਤੇ ਜੁਨੈਦ ਖਾਨ 2016 ਵਿੱਚ ਜਲੰਧਰ ਕਿਡਨੀ ਕਾਂਡ ਵਿੱਚ ਵੀ ਗ੍ਰਿਫਤਾਰ ਹੋ ਚੁੱਕੇ ਹਨ। ਦੋਵਾਂ ਦੇ ਸਿੱਧੇ ਸੰਬੰਧ ਇਸ ਕੇਸ ਦੇ ਬਾਕੀ ਦੋਸ਼ੀਆਂ ਨਾਲ ਸਨ। ਜੁਨੈਦ ਨੇ ਕੁਝ ਲੋਕਾਂ ਨੂੰ ਕਿਡਨੀ ਦੇਣ ਲਈ ਮਨਾਇਆ ਸੀ ਅਤੇ ਖੁਦ ਜੁਨੈਦ ਨੇ ਵੀ ਕਿਡਨੀ ਵੇਚੀ ਸੀ। ਜਿਸ ਦੇ ਬਾਅਦ ਭੋਲੇ ਭਾਲੇ ਲੋਕਾਂ ਨੂੰ ਪੈਸੇ ਦਾ ਲਾਲਚ ਦੇ ਕੇ ਕਿਡਨੀ ਦੇਣ ਲਈ ਉਕਸਾਉਂਦਾ ਰਿਹਾ ਸੀ। ਇਨ੍ਹਾਂ ਦੋਵਾਂ ਦੇ ਵੀ ਕਾਨਪੁਰ ਵਿੱਚ ਗ੍ਰਿਫਤਾਰ ਹੋਣ ਦੇ ਬਾਅਦ ਉਥੋਂ ਮਾਮਲੇ ਨੂੰ ਜਲੰਧਰ ਦੇ ਮਾਮਲੇ ਨਾਲ ਜੋੜਿਆ ਜਾ ਰਿਹਾ ਹੈ। ਤਿੰਨ ਸਾਲ ਪਹਿਲਾਂ 2016 ਵਿੱਚ ਜਲੰਧਰ ਦੇ ਗੜ੍ਹਾ ਵਿੱਚ ਇੱਕ ਹੋਟਲ ਵਿੱਚ ਕੁਝ ਲੋਕ ਠਹਿਰੇ ਤਾ ਹੋਟਲ ਮਾਲਕ ਨੂੰ ਉਨ੍ਹਾਂ ਦੀਆਂ ਹਰਕਤਾਂ ਤੋਂ ਸ਼ੱਕ ਪਿਆ ਕਿ ਦਹਿਸ਼ਤਗਰਦ ਆ ਕੇ ਰੁਕੇ ਹੋਏ ਹਨ। ਉਸ ਨੇ ਪੁਲਸ ਨੂੰ ਦੱਸਿਆ ਤਾਂ ਪੁਲਸ ਨੇ ਹੋਟਲ ਵਿੱਚੋਂ ਜੁਨੈਦ ਖਾਨ ਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ਦੀ ਗ੍ਰਿਫਤਾਰੀ ਪਿੱਛੋਂ ਪਤਾ ਲੱਗਾ ਸੀ ਕਿ ਉਹ ਕਿਡਨੀ ਰੈਕੇਟ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਦੇ ਬਿਆਨਾਂ 'ਤੇ ਬਾਅਦ ਵਿੱਚ ਡਾਕਟਰ ਰਾਜੇਸ਼ ਅਗਰਵਾਲ, ਡਾਕਟਰ ਪੁਨੀਤ ਸਮੇਤ ਦੋ ਦਰਜਨ ਤੋਂ ਜ਼ਿਆਦਾ ਲੋਕਾਂ ਨੂੰ ਜਾਂਚ ਵਿੱਚ ਸ਼ਾਮਲ ਕੀਤਾ ਗਿਆ ਸੀ।

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





# ਸਟੇਟ ਹਾਈਵੇਜ਼ ਦੀ ਉਸਾਰੀ ਦੇ ਕੰਮ ਵਿੱਚ ਪੰਜਾਬ ਫਾਡੀ



ਨਵੀਂ ਦਿੱਲੀ, 10 ਜੂਨ (ਪੋਸਟ ਬਿਊਰੋ)- ਸੜਕਾਂ ਬਣਾਉਣ ਵਿੱਚ ਭਾਰਤ ਵਿੱਚ ਮਹਾਰਾਸ਼ਟਰ, ਕਰਨ-ਾਟਕ, ਰਾਜਸਥਾਨ ਅਤੇ ਯੂ ਪੀ ਸਭ ਤੋਂ ਅੱਗੇ ਹਨ। ਪੰਜਾਬ, ਬਿਹਾਰ ਤੇ ਪੱਛਮੀ ਬੰਗਾਲ ਵਰਗੇ ਸੂਬੇ ਸਭ ਤੋਂ ਪਿੱਛੇ ਹਨ। ਬੀਤੇ ਦੋ ਸਾਲਾਂ 'ਚ ਮਹਾਰਾਸ਼ਟਰ 'ਚ 3000 ਕਿਲੋਮੀਟਰ ਤੋਂ ਵੱਧ ਨੈਸ਼ਨਲ ਹਾਈਵੇਜ਼ ਬਣੇ ਹਨ। ਕਰਨਾਟਕ 'ਚ ਵੀ ਕਰੀਬ 1600 ਕਿਲੋਮੀਟਰ ਨੈਸ਼ਨਲ ਹਾਈਵੇਜ਼ ਬਣਾਏ ਗਏ। ਇਸ ਤੋਂ ਬਾਅਦ ਯੂ ਪੀ ਦਾ ਨੰਬਰ ਆਉਂਦਾ ਹੈ, ਜਿਥੇ ਤਕਰੀਬਨ 1300 ਕਿਲੋਮੀਟਰ ਨੈਸ਼ਨਲ ਹਾਈਵੇਜ਼ ਬਣਾਏ ਗਏ ਹਨ ਹੈ। ਇਨ੍ਹਾਂ ਦੇ ਮੁਕਾਬਲੇ ਬਿਹਾਰ 'ਚ ਸਿਰਫ ਕਰੀਬ 700 ਕਿਲੋਮੀਟਰ ਅਤੇ ਪੰਜਾਬ 'ਚ ਕਰੀਬ 600 ਕਿਲੋਮੀਟਰ ਨੈਸ਼ਨਲ ਹਾਈਵੇਜ਼ ਬਣੇ ਹਨ। ਮਹਾਰਾਸ਼ਟਰ, ਕਰਨਾਟਕ, ਰਾਜਸਥਾਨ ਤੇ ਉਤਰ ਪ੍ਰਦੇਸ਼ ਤੋਂ ਇਲਾਵਾ ਮੱਧ ਪ੍ਰਦੇਸ਼, ਓਡੀਸ਼ਾ ਅਤੇ ਛੱਤੀਸਗੜ੍ਹ ਵਿੱਚ 1000 ਕਿਲੋਮੀਟਰ ਤੋਂ ਵੱਧ ਨੈਸ਼ਨਲ ਹਾਈਵੇਜ਼ ਬਣਾਏ ਗਏ ਹਨ। ਬਾਕੀ ਸੂਬਿਆਂ 'ਚ ਇਸ ਤੋਂ ਘੱਟ ਸੜਕ ਨਿਰਮਾਣ 'ਚ ਵਧੇਰੇ ਹਿੱਸੇਦਾਰੀ ਹਾਸਲ ਹੋਈ ਹੈ। ਕੇਂਦਰ ਸਰਕਾਰ ਇਥੇ ਬੰਦਰਗਾਹਾਂ ਨੂੰ ਜੋੜਨ ਵਾਲੀਆਂ ਸੜਕਾਂ ਦੇ ਨਿਰਮਾਣ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਤਰ ਪ੍ਰਦੇਸ਼ ਨੂੰ ਸਿਆਸੀ ਤੇ ਧਾਰਮਿਕ ਤੌਰ 'ਤੇ ਅਹਿਮ ਹੋਣ ਦੇ ਨਾਲ-ਨਾਲ ਪ੍ਰਧਾਨ ਮੰਤਰੀ ਦਾ ਪਾਰਲੀਮੈਂਟਰੀ ਹਲਕੇ ਵਾਲਾ ਸੂਬਾ ਹੋਣ ਦਾ ਲਾਭ ਮਿਲ ਰਿਹਾ ਹੈ। ਨੈਸ਼ਨਲ ਹਾਈਵੇਜ਼ ਦੇ ਮਾਮਲੇ 'ਚ ਮੰਤਰੀ ਨਿਤਿਨ ਗਡਕਰੀ ਨੇ ਆਪਣੇ ਗ੍ਰਹਿ ਸੂਬੇ ਮਹਾਰਾਸ਼ਟਰ ਤੋਂ ਇਲਾਵਾ ਪ੍ਰਧਾਨ ਮੰਤਰੀ ਦੇ ਪਾਰਲੀਮੈਂਟਰੀ ਹਲਕੇ ਨਾਲ ਜੁੜੇ ਸੂਬੇ ਯੂ ਪੀ ਨੂੰ ਹਮੇਸ਼ਾ ਵੱਧ ਮਹੱਤਵ ਦਿੱਤਾ ਹੈ। ਮਹਾਰਾਸ਼ਟਰ 'ਚ ਉਨ੍ਹਾਂ ਨੇ ਬੀਤੇ ਸਾਲ ਸਭ ਤੋਂ ਵੱਧ 1800 ਕਿਲੋਮੀਟਰ ਸੜਕਾਂ ਬਣਵਾਈਆਂ, ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਤਰ ਪ੍ਰਦੇਸ਼ 'ਚ 30,227 ਕਰੋੜ ਰੁਪਏ ਦੇ ਨੈਸ਼ਨਲ ਹਾਈਵੇਜ਼ ਦੇ ਨੀਂਹ ਪੱਥਰ ਰਖਵਾਏ ਹਨ। ਉਤਰ ਪ੍ਰਦੇਸ਼ ਦੀ ਬਿਹਤਰ ਕਾਰਗੁਜ਼ਾਰੀ ਦਾ ਸਿਹਰਾ ਯੋਗੀ ਸਰਕਾਰ ਨੂੰ ਦਿੱਤਾ ਗਿਆ ਸੀ, ਬਿਹਾਰ ਤੇ ਪੰਜਾਬ 'ਚ ਘੱਟ ਸੜਕ ਨਿਰਮਾਣ ਦਾ ਦੋਸ਼ ਉਥੋਂ ਦੀਆਂ ਸੂਬਾ ਸਰਕਾਰਾਂ ਸਿਰ ਮੜ੍ਹਿਆ ਗਿਆ, ਜਿਹੜੀਆਂ ਜ਼ਮੀਨ ਅਕਵਾਇਰ ਕਰਨ 'ਚ ਨਾਕਾਮ ਰਹੀਆਂ। ਇਹ ਹਾਲ ਉਦੋਂ ਹੈ ਜਦੋਂ ਦੋਵਾਂ ਰਾਜਾਂ ਦੇ ਮੁੱਖ ਮੰਤਰੀ ਕੇਂਦਰ ਨੂੰ ਵਾਰ-ਵਾਰ ਆਪਣੇ ਸੂਬੇ 'ਚ ਸੜਕ ਨਿਰਮਾਣ ਦੀ ਅਪੀਲ ਕਰਦੇ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ 13 ਸੜਕੀ ਪ੍ਰਾਜੈਕਟਾਂ ਨੂੰ ਭਾਰਤਮਾਲਾ 'ਚ ਸ਼ਾਮਲ ਕਰਨ ਲਈ ਸੱਤ ਨਵੇਂ ਸੜਕ ਪ੍ਰਾਜੈਕਟਾਂ ਨੂੰ ਰਾਸ਼ਟਰੀ ਰਾਜਮ-ਾਰਗ ਐਲਾਨਣ ਦੀ ਮੰਗ ਗਡਕਰੀ ਸਾਹਮਣੇ ਰੱਖੀ ਸੀ। ਸਾਲ 2018-19 ਦੌਰਾਨ ਕੁੱਲ ਮਿਲਾ ਕੇ ਦੇਸ਼ 'ਚ 10800 ਕਿਲੋਮੀਟਰ ਰਾਸ਼ਟਰੀ ਰਾਜਮਾਰਗਾਂ ਦਾ ਨਿਰਮਾਣ ਹੋਇਆ। ਇਹ ਰੋਜ਼ਾਨਾ 30 ਕਿਲੋਮੀਟਰ ਸੜਕ ਨਿਰਮਾਣ ਨੂੰ ਦਰਸਾਉਂਦਾ ਹੈ। ਇਸ ਦੌਰਾਨ 3,338 ਕਿਲੋਮੀਟਰ ਰਾਜਮਾਰਗਾਂ ਨੂੰ ਦੋ ਤੋਂ ਚਾਰ ਜਾਂ ਚਾਰ ਤੋਂ ਛੇ ਲੇਨ 'ਚ ਚੌੜਾ ਕੀਤਾ ਗਿਆ ਹੈ।

# ਕਾਂਗਰਸ ਨੇ ਪੁੱਛਿਆ, ਭਾਜਪਾ ਕੋਲ ਲੋਕ ਸਭਾ ਚੋਣਾਂ ਲਈ 27000 ਕਰੋੜ ਕਿੱਥੋਂ ਆਏ?

ਨਵੀਂ ਦਿੱਲੀ, 10 ਜੂਨ (ਪੋਸਟ ਬਿਊਰੋ)- ਕਾਂਗਰਸ ਨੇ ਕਿਹਾ ਕਿ ਭਾਜਪਾ ਇਹ ਦੱਸੇ ਕਿ ਲੋਕ ਸਭਾ ਚੋਣਾਂ ਵਿੱਚ ਖਰਚ ਕਰਨ ਲਈ 27 ਹਜ਼ਾਰ ਕਰੋੜ ਰੁਪਏ ਉਸ ਕੋਲ ਕਿੱਥੋਂ ਆਏ? ਪਾਰਟੀ ਨੇ ਇਹ ਵੀ ਸਵਾਲ ਕੀਤਾ ਕਿ ਇਸ 'ਚੋਂ ਕਿੰਨਾ ਇਕ ਨੰਬਰ ਦਾ ਧਨ ਹੈ ਅਤੇ ਕਿੰਨਾ ਦੋ ਨੰਬਰ (ਕਾਲਾ ਧਨ) ਦਾ। ਕਾਂਗਰਸ ਨੇ ਪੁੱਛਿਆ ਹੈ ਕਿ ਕੀ ਇਸ 'ਚੋਂ ਵੱਡੀ ਰਕਮ ਇਲੈਕਟੋਰਲ ਬਾਂਡ ਨਾਲ ਇਕੱਠੀ ਕੀਤੀ ਗਈ ਹੈ।



ਇਸ ਸੰਬੰਧ ਵਿੱਚ ਕਾਂਗਰਸ ਪਾਰਟੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਚੋਣਾਂ ਦੇ ਵਪਾਰੀ ਕਰਨ ਲਈ ਉਸ ਨੂੰ ਵਾਈਟ ਪੇਪਰ ਲਿਆਉਣਾ ਚਾਹੀਦਾ ਹੈ, ਕਿਉਂਕਿ ਚੋਣਾਂ ਵਿੱਚ ਧਨ ਦੀ ਵੱਧ ਵਰਤੋਂ ਲੋਕਤੰਤਰ ਅਤੇ ਸੰਵਿਧਾਨ ਦੇ ਮੂਲ ਢਾਂਚੇ ਨੂੰ ਪ੍ਰਭਾਵਤ ਕਰਦੀ ਹੈ। ਕਾਂਗਰਸ ਦੇ ਬੁਲਾਰੇ ਅਭਿਸ਼ੇਕ ਮਨੂ ਸਿੰਘਵੀ ਨੇ ਸੈਂਟਰ ਫਾਰ ਮੀਡੀਆ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ 60 ਹਜ਼ਾਰ ਕਰੋੜ ਰੁਪਏ ਦਾ ਖਰਚ ਬੇਹੱਦ ਚਿੰਤਾ ਜਨਕ ਹੈ ਤੇ ਇਹ ਚੋਣ ਦੇ ਵਪਾਰੀ ਕਰਨ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਰਿਪੋਰਟ ਆਜ਼ਾਦ ਸੰਸਥਾ ਦੀ ਹੈ, ਇਸ ਲਈ ਇਸ 'ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ। ਸਿੰਘਵੀ ਨੇ ਕਿਹਾ ਕਿ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 45 ਪ੍ਰਤੀਸ਼ਤ ਧਨ ਸੱਤਾਧਾਰੀ ਪਾਰਟੀ ਭਾਜਪਾ ਨੇ ਖਰਚ ਕੀਤਾ ਹੈ, ਜੋ 27 ਹਜ਼ਾਰ ਕਰੋੜ ਰੁਪਏ ਹੈ। ਉਨ੍ਹਾਂ ਨੇ ਕਿਹਾ ਕਿ ਬਾਕੀ ਧਿਰਾਂ ਇਸ ਤੋਂ ਬਹੁਤ ਪਿੱਛੇ ਸਨ, ਜਿਨ੍ਹਾਂ ਨੇ 12 ਤੋਂ ਲੈ ਕੇ 20 ਪ੍ਰਤੀਸ਼ਤ ਤੱਕ ਖਰਚ ਕੀਤਾ ਹੈ। ਬੁਲਾਰੇ ਨੇ ਕਿਹਾ ਕਿ ਕੁੱਲ ਖਰਚ ਤੋਂ ਅਨੁਮਾਨ ਲਾਇਆ ਜਾਵੇ ਕਿ ਪ੍ਰਤੀ ਲੋਕ ਸਭਾ ਸੀਟ 'ਤੇ 100 ਕਰੋੜ ਰੁਪਏ ਖਰਚ ਅਤੇ ਭਾਜਪਾ ਨੇ 62 ਕਰੋੜ ਰੁਪਏ ਖਰਚ ਕੀਤੇ ਹਨ। ਭਾਜਪਾ ਨੇ 437 ਸੀਟਾਂ 'ਤੇ ਉਮੀਦਵਾਰ ਖੜੇ ਕੀਤੇ ਸਨ। ਸਿੰਘਵੀ ਨੇ ਕਿਹਾ ਕਿ ਭਾਜਪਾ ਨੇ ਜੋ ਰਕਮ ਚੋਣਾਂ 'ਤੇ ਖਰਚ ਕੀਤੀ ਹੈ ਉਹ ਦੇਸ਼ ਦੇ ਸਿੱਖਿਆ ਬਜਟ ਦਾ 30 ਪ੍ਰਤੀਸ਼ਤ, ਸਿਹਤ ਬਜਟ ਦਾ 40 ਪ੍ਰਤੀਸ਼ਤ, ਰੱਖਿਆ ਬਜਟ ਦਾ 10 ਪ੍ਰਤੀਸ਼ਤ ਅਤੇ ਮਨਰੇਗਾ ਬਜਟ ਦਾ 45 ਪ੍ਰਤੀਸ਼ਤ ਅਤੇ ਨਮਾਮਿ ਗੰਗੇ ਪ੍ਰੋਗਰਾਮ ਦੇ ਬਜਟ ਦਾ 24 ਹਜ਼ਾਰ ਕਰੋੜ ਤੋਂ ਜ਼ਿਆਦਾ ਹੈ। ਉਨ੍ਹਾਂ ਨੇ ਕਿਹਾ ਕਿ ਸਭ ਤੋਂ ਗੰਭੀਰ ਗੱਲ ਹੈ ਕਿ 1998 ਦੇ ਬਾਅਦ ਤੋਂ ਹੁਣ ਤੱਕ ਹੋਈਆਂ ਲੋਕ ਸਭਾ ਚੋਣਾਂ ਵਿੱਚ ਇਸ ਵਾਰ ਚੋਣ ਖਰਚ ਛੇ ਗੁਣਾ ਜ਼ਿਆਦਾ ਹੋਇਆ ਹੈ। ਕਾਂਗਰਸ ਬੁਲਾਰੇ ਨੇ ਕਿਹਾ ਕਿ ਜੇ ਭਾਜਪਾ ਆਪਣੇ ਚੋਣ ਖਰਚ ਦੇ ਬਾਰੇ ਸਹੀ ਜਾਣਕਾਰੀ ਦੇਵੇਗੀ ਤਾਂ ਕਾਂਗਰਸ ਵੀ ਆਪਣਾ ਪੂਰਾ ਖਰਚ ਜਨਤਕ ਕਰੇਗੀ।

# ਜਨਤਾ ਦਲ (ਯੂ) ਬਿਹਾਰ ਦੇ ਬਾਹਰ ਐਨ ਡੀ ਏ ਦਾ ਹਿੱਸਾ ਨਹੀਂ ਹੋਵੇਗੀ

ਪਟਨਾ, 10 ਜੂਨ (ਪੋਸਟ ਬਿਊਰੋ)- ਪਟਨਾ ਵਿਖੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਅਗਵਾਈ 'ਚ ਜਨਤਾ ਦਲ (ਯੂ) ਦੀ ਕਾਰਜਕਾਰਨੀ ਮੀਟਿੰਗ ਦੌਰਾਨ ਵੱਡਾ ਫੈਸਲਾ ਲਿਆ ਗਿਆ ਕਿ ਪਾਰਟੀ ਬਿਹਾਰ ਤੋਂ ਬਾਹਰ ਐਨ ਡੀ ਏ ਦਾ ਹਿੱਸਾ ਨਹੀਂ ਹੋਵੇਗੀ। ਇਸ ਮੌਕੇ ਪਾਰਟੀ ਨੇ ਫੈਸਲਾ ਕੀਤਾ ਕਿ ਜਨਤਾ ਦਲ (ਯੂ) ਜੰਮੂ ਕਸ਼ਮੀਰ, ਝਾਰਖੰਡ, ਹਰਿਆਣਾ ਤੇ ਦਿੱਲੀ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਲੜੇਗੀ, ਜਦੋਂ ਕਿ ਬਿਹਾਰ 'ਚ ਪਾਰਟੀ ਐਨ ਡੀ ਏ ਦਾ ਹਿੱਸਾ ਬਣੀ ਰਹੇਗੀ ਤੇ ਭਾਜਪਾ ਦੇ ਨਾਲ ਮਿਲ ਕੇ ਚੋਣਾਂ ਲੜੇਗੀ।

ਜਨਤਾ ਦਲ (ਯੂ) ਦੇ ਪ੍ਰਿੰਸੀਪਲ ਜਨਰਲ ਸਕੱਤਰ ਕੇ ਸੀ ਤਿਆਗੀ ਨੇ ਕਾਰਜਕਾਰਨੀ ਮੀਟਿੰਗ ਪਿੱਛੋਂ ਪੱਤਰਕਾਰਾਂ ਨੂੰ ਉਕਤ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਨਤਾ ਦਲ (ਯੂ) ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ



370 ਨੂੰ ਹਟਾਉਣ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਧਾਰਾ 370 ਸਬੰਧੀ ਜਨਤਾ ਦਲ (ਯੂ) ਦਾ ਸਟੈਂਡ ਬਹੁਤ ਸਪੱਸ਼ਟ ਹੈ ਤੇ ਪਾਰਟੀ ਦੇ ਪ੍ਰਧਾਨ ਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਬੀਤੇ ਸਮੇਂ ਦੌਰਾਨ ਇਸ ਨੂੰ ਕਈ ਵਾਰ ਸਪੱਸ਼ਟ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਅਯੁੱਧਿਆ ਵਿੱਚ ਆਮ ਸਿਵਲ ਕੋਡ ਤੇ ਰਾਮ ਮੰਦਰ ਵਿਵਾਦ ਸਬੰਧੀ ਕੋਈ ਸਮਝੌਤਾ ਨਹੀਂ ਕਰੇਗੀ। ਤਿਆਗੀ ਨੇ ਕਿਹਾ ਕਿ ਅਯੁੱਧਿਆ 'ਚ ਰਾਮ ਮੰਦਰ ਵਿਵਾਦ ਜਾਂ ਅਦਾਲਤ ਦੇ ਫੈਸਲੇ ਨਾਲ ਜਾਂ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਹੀ ਹੋਣਾ ਚਾਹੀਦਾ ਹੈ।

# ਸੁਖਈ ਜਹਾਜ਼ਾਂ ਉੱਤੇ ਬ੍ਰਹਮੋਸ ਮਿਜ਼ਾਈਲ ਬੀੜਨ ਦਾ ਕੰਮ ਤੇਜ਼ ਹੋਇਆ

ਨਵੀਂ ਦਿੱਲੀ, 10 ਜੂਨ (ਪੋਸਟ ਬਿਊਰੋ)- ਕੇਂਦਰ ਸਰਕਾਰ ਹਵਾਈ ਸੈਨਾ ਦੀ ਸਮਰੱਥਾ ਵਧਾਉਣ ਦੇ ਕੰਮ 'ਚ ਤੇਜ਼ੀ ਲਿਆ ਰਹੀ ਹੈ। ਇਕ ਵਾਰ ਜਦ ਇਹ ਪ੍ਰਾਜੈਕਟ ਪੂਰਾ ਹੋ ਜਾਵੇਗਾ, ਤਾਂ ਹਵਾਈ ਸੈਨਾ ਦੀ ਲੰਮੀ ਦੂਰੀ ਨਾਲ ਸਮੁੰਦਰ ਜਾਂ ਜ਼ਮੀਨ 'ਚ ਕਿਸੇ ਵੀ ਨਿਸ਼ਾਨੇ ਨੂੰ ਸਾਧਣ ਦੀ ਸ਼ਕਤੀ ਕਈ ਗੁਣਾ ਵਧਣ ਦੀ ਸੰਭਾਵਨਾ ਹੈ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਸਰਕਾਰ ਹਵਾਈ ਸੈਨਾ ਦੀ ਯੁੱਧ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਉਠਾ ਰਹੀ ਹੈ। ਬਾਲਾਕੋਟ ਹਵਾਈ ਹਮਲਿਆਂ ਦੇ ਕਈ ਹਫਤਿਆਂ ਬਾਅਦ ਸਰਕਾਰ ਨੇ 40 ਤੋਂ ਜ਼ਿਆਦਾ ਸੁਖੋਈ-30



ਲੜਾਕੂ ਜਹਾਜ਼ਾਂ 'ਤੇ ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਨੂੰ ਲੈਸ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਦਾ ਫੈਸਲਾ ਕੀਤਾ ਹੈ। ਅਧਿਕਾਰਕ ਸੂਤਰਾਂ ਨੇ ਕੱਲ੍ਹ ਦੱਸਿਆ ਕਿ ਗਹਿਰੀ ਨਿਗਰਾਨੀ ਵਾਲੇ ਇਸ ਰਣਨੀਤਕ ਪ੍ਰਾਜੈਕਟ ਦਾ ਉਦੇਸ਼ ਰਣਨੀਤਕ ਪ੍ਰਾਜੈਕਟ ਦਾ ਉਦੇਸ਼ ਭਾਰਤੀ ਹਵਾਈ ਸੈਨਾ ਦੀ ਯੁੱਧ ਸਮਰਥਾ ਨੂੰ ਮਜ਼ਬੂਤ ਕਰਨਾ ਹੈ। ਸਰਕਾਰ ਵੱਲੋਂ ਐਚ ਏ ਐਲ ਨੂੰ ਖਾਸ ਤੌਰ 'ਤੇ ਬ੍ਰਹਮੋਸ ਪ੍ਰਾਜੈਕਟ 'ਚ ਤੇਜ਼ੀ ਲਿਆਉਣ ਲਈ ਵਾਧੂ ਸੇਵਾਵਾਂ ਤੇ ਸੰਸਾਧਨਾਂ ਨੂੰ ਲਗਾਉਣ ਲਈ ਕਿਹਾ ਗਿਆ ਹੈ। 40 ਸੁਖੋਈ ਜਹਾਜ਼ਾਂ ਦੇ ਬੇੜੇ ਨੂੰ ਮਿਜ਼ਾਈਲਾਂ ਨਾਲ ਲੈਸ ਕਰਨ ਲਈ 'ਹਿੰਦੋਸਤਾਨ ਏਅਰੋਨਾਟਿਕਸ ਲਿਮਟਿਡ' 'ਚ ਉਨ੍ਹਾਂ ਦੀ ਸੋਧ ਕੀਤੀ ਜਾ ਰਹੀ ਹੈ। ਬ੍ਰਹਮੋਸ ਮਿਜ਼ਾਈਲ ਭਾਰਤ ਦੇ ਸੁਖੋਈ-30 ਲੜਾਕੂ ਜਹਾਜ਼ ਉੱਤੇ ਤਾਇਨਾਤ ਕੀਤਾ ਜਾਣ ਵਾਲਾ ਸਭ ਤੋਂ ਭਾਰੀ ਹਥਿਆਰ ਹੈ। ਇਸ ਪ੍ਰਾਜੈਕਟ ਨੂੰ ਪੂਰਾ ਕਰਨ ਦੀ ਸਮਾਂ ਹੱਦ ਦਸੰਬਰ 2020 ਹੈ।

# ਘੱਟ ਗਿਣਤੀਆਂ ਦੀ ਪਰਿਭਾਸ਼ਾ ਸੂਬਾ ਵਾਰ ਤੈਅ ਕਰਨ ਦੀ ਮੰਗ

ਲਖਨਊ, 10 ਜੂਨ (ਪੋਸਟ ਬਿਊਰੋ)- ਈਦ ਮੌਕੇ 'ਤੇ ਕੇਂਦਰ ਸਰਕਾਰ ਵੱਲੋਂ ਪੰਜ ਕਰੋੜ ਘੱਟ ਗਿਣਤੀ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਅਖਿਲ ਭਾਰਤੀ ਸੰਤ ਸਮਿਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਧੰਨਵਾਦ ਭੇਜਿਆ ਹੈ। ਕਮੇਟੀ ਨੇ ਵਜ਼ੀਫਾ ਵੰਡਣ ਤੋਂ ਪਹਿਲਾਂ ਦੇਸ਼ 'ਚ ਸੂਬਾ ਵਾਰ ਘੱਟਗਿਣਤੀਆਂ ਦੀ ਪਰਿਭਾਸ਼ਾ ਫਿਰਕੇ ਦੇ ਆਧਾਰ 'ਤੇ ਤੈਅ ਕਰਨ ਦੀ ਮੰਗ ਕੀਤੀ ਹੈ। ਸੰਤ ਸਮਿਤੀ ਦੇ ਜਨਰਲ ਸੈਕਟਰੀ ਸਵਾਮੀ ਜੀਤੇਂਦਰਾਨੰਦ ਸਰਸਵਤੀ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਭੇਜ ਕੇ ਇਹ ਮੰਗ ਕੀਤੀ ਹੈ।

ਅਖਿਲ ਭਾਰਤੀ ਸੰਤ ਸਮਿਤੀ ਸਨਾਤਨ



ਹਿੰਦੂ ਧਰਮ ਦੇ 127 ਫਿਰਕਿਆਂ ਦੀ ਨੁਮਾਇੰਦਗੀ ਕਰਦਾ ਸੰਗਠਨ ਹੈ। ਸਵਾਮੀ ਨੇ ਕਿਹਾ ਕਿ ਦੇਸ਼ ਵਿਚਲੇ ਸੱਤ ਰਾਜਾਂ ਜੰਮੂ ਕਸ਼ਮੀਰ, ਮੇਘਾਲਿਆ, ਮਿਜ਼ੋਰਮ, ਪੰਜਾਬ, ਨਾਗਾਲੈਂਡ, ਅਰੁਣਾਚਲ ਪ੍ਰਦੇਸ਼, ਮਣੀਪੁਰ ਤੇ ਇਕ ਕੇਂਦਰ ਸ਼ਾਸਿਤ ਸੂਬੇ ਲਕਸ਼ਦੀਪ 'ਚ ਹਿੰਦੂ ਵੀ ਘੱਟ ਗਿਣਤੀ ਹਨ, ਕਿਉਂਕਿ ਇਨ੍ਹਾਂ ਰਾਜਾਂ 'ਚ ਹੋਰ ਫਿਰਕਿਆਂ ਦੀ ਗਿਣਤੀ ਵਧੇਰੇ ਹੈ। ਇਸ ਕਾਰਨ ਉਨ੍ਹਾਂ ਸੂਬਿਆਂ 'ਚ ਹਿੰਦੂਆਂ ਦੀ ਹਾਲਤ ਵੀ ਮਾੜੀ ਤੇ ਅਪਮਾਨਿਤ ਹੈ। ਇਥੇ ਉਨ੍ਹਾਂ ਦੀ ਅਣਦੇਖੀ ਹੁੰਦੀ ਹੈ। ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਨੇ 2002 'ਚ ਕਿਹਾ ਸੀ ਘੱਟ ਗਿਣਤੀਆਂ ਦੀ ਸਥਿਤੀ ਰਾਸ਼ਟਰੀ ਪੱਧਰ 'ਤੇ ਨਹੀਂ ਬਲਕਿ ਸੂਬਾਈ ਪੱਧਰ 'ਤੇ ਤੈਅ ਕੀਤੀ ਜਾਣੀ ਚਾਹੀਦੀ ਹੈ, ਪਰ ਅਜੇ ਤੱਕ ਇਸ ਤਰ੍ਹਾਂ ਨਹੀਂ ਹੋ ਸਕਿਆ। ਸਮਿਤੀ ਨੇ ਜ਼ੋਰ ਦੇ ਕੇ ਮੰਗ ਕੀਤੀ ਹੈ ਕਿ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਸੂਬਾਵਾਰ ਪਰਿਭਾਸ਼ਾ ਤੈਅ ਕਰਨ ਤੋਂ ਬਾਅਦ ਹੀ ਵਜ਼ੀਫੇ ਵੰਡੇ ਜਾਣ।

# ਬਿਹਾਰ 'ਚ ਚਮਕੀ ਬੁਖਾਰ ਦਾ ਕਹਿਰ, ਮੁਜ਼ੱਫਰਪੁਰ ਵਿੱਚ 14 ਬੱਚਿਆਂ ਦੀ ਮੌਤ ਪਿੱਛੋਂ ਹਾਈ ਅਲਰਟ

ਮੁਜ਼ੱਫਰਪੁਰ, 10 ਜੂਨ (ਪੋਸਟ ਬਿਊਰੋ)- ਉੱਤਰੀ ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਵਿੱਚ ਭਿਆਨਕ ਚਮਕੀ ਬੁਖਾਰ ਕਾਰਨ ਕੱਲ੍ਹ ਤੱਕ 14 ਬੱਚਿਆਂ ਦੀ ਮੌਤ ਹੋ ਚੁੱਕੀ ਹੈ ਅਤੇ 38 ਹੋਰ ਬੱਚੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਸਨ।

ਸਿਹਤ ਵਿਭਾਗ ਨੇ ਹਾਲਾਤ ਦੀ ਗੰਭੀਰਤਾ ਨੂੰ ਦੇਖ ਕੇ ਸਾਰੇ ਸੂਬੇ ਵਿੱਚ ਹਾਈ ਅਲਰਟ ਜਾਰੀ ਕੀਤਾ ਹੈ। ਬਿਹਾਰ ਦੇ ਸਿਹਤ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪਿਛਲੇ 24 ਘੰਟਿਆਂ ਵਿੱਚ ਇਸ ਬਿਮਾਰੀ ਨਾਲ ਪੰਜ ਹੋਰ ਬੱਚਿਆਂ ਦੀ ਮੌਤ ਹੋਈ।



ਡਾਕਟਰਾਂ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਦੀ ਅਪੀਲ ਕਰ ਕੇ ਉਨ੍ਹਾਂ ਨੂੰ ਦਿਨ ਵਿੱਚ ਦੋ ਤੋਂ ਤਿੰਨ ਵਾਰ ਨਹਾਉਣ ਦੀ ਸਲਾਹ ਦਿੱਤੀ ਹੈ। ਮੁਜ਼ੱਫਰਪੁਰ ਦੇ ਸ੍ਰੀਕ੍ਰਿਸ਼ਨ ਮੈਡੀਕਲ ਕਾਲਜ ਹਸਪਤਾਲ ਦੇ ਮੁਖੀ ਸੁਨੀਲ ਸ਼ਾਹੀ ਦੇ ਮੁਤਾਬਕ ਇਕੱਲੇ ਇਸ ਹਸਪਤਾਲ ਵਿੱਚ 14 ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਬੱਚਿਆਂ ਨੂੰ ਪਹਿਲਾਂ ਤੇਜ਼ ਬੁਖਾਰ ਹੁੰਦਾ ਅਤੇ ਫਿਰ ਉਹ ਬੇਹੋਸ਼ ਜਿਹੇ ਹੋ ਜਾਂਦੇ ਹਨ। ਇਸ ਰੋਗ ਦਾ ਮੁੱਖ ਕਾਰਨ ਭਾਰੀ ਗਰਮੀ ਦੇ ਨਾਲ ਹੁੰਮਸ ਹੈ। ਬੱਚਿਆਂ ਨੂੰ ਵੱਧ ਤੋਂ ਵੱਧ ਪਾਣੀ ਪਿਲਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਖਾਲੀ ਪੇਟ ਬਿਲਕੁਲ ਨਹੀਂ ਰੱਖਣਾ ਚਾਹੀਦਾ।

ਏ ਈ ਐੱਸ ਭਾਵ ਐਕਿਊਟ ਇੰਸੇਫਲਾਇਟਿਸ ਸਿੰਡਰੋਮ ਨਾਮੀ ਉਕਤ ਬਿਮਾਰੀ ਵਧੇਰੇ ਕਰ ਕੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਹੁੰਦੀ ਹੈ। ਗਰੀਬ ਪਰਵਾਰਾਂ ਦੇ ਬੱਚੇ ਇਸ ਦਾ ਵੱਧ ਸ਼ਿਕਾਰ ਹੋ ਰਹੇ ਹਨ। ਜਿਨ੍ਹਾਂ ਬੱਚਿਆਂ ਦੀ ਇਸ ਬਿਮਾਰੀ ਕਾਰਨ ਹੁਣ ਤੱਕ ਮੌਤ ਹੋਈ ਹੈ, ਦੀ ਉਮਰ ਇੱਕ ਤੋਂ ਸੱਤ ਸਾਲ ਦਰਮਿਆਨ ਸੀ।

# ਭਾਰਤ ਦੇ 75 ਹਸਪਤਾਲ ਮੈਡੀਕਲ ਕਾਲਜ ਬਣਨਗੇ

ਨਵੀਂ ਦਿੱਲੀ, 10 ਜੂਨ (ਪੋਸਟ ਬਿਊਰੋ)- ਸਿਹਤ ਦੇ ਖੇਤਰ ਵਿੱਚ ਮਨੁੱਖੀ ਸਾਧਨਾ ਦੀ ਸਹੂਲਤ ਵਧਾਉਣ ਸਬੰਧੀ ਇਕ ਯੋਜਨਾ ਦੇ ਤੀਜੇ ਪੜਾਅ ਵਿੱਚ ਸਿਹਤ ਮੰਤਰਾਲੇ ਨੇ 75 ਜ਼ਿਲਾ ਹਸਪਤਾਲਾਂ ਨੂੰ ਮੈਡੀਕਲ ਕਾਲਜਾਂ ਵਿੱਚ ਤਬਦੀਲ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਹ ਪ੍ਰਸਤਾਵ ਕੇਂਦਰ ਵੱਲੋਂ ਸਪਾਂਸਰ ਉਸ ਯੋਜਨਾ ਦਾ ਹਿੱਸਾ ਹੈ, ਜਿਸ ਹੇਠ ਜ਼ਿਲਾ ਹਸਪਤਾਲਾਂ ਜਾਂ ਰੈਫਰਲ ਹਸਪਤਾਲਾਂ ਦਾ ਵਿਕਾਸ ਕਰਕੇ ਨਵੇਂ ਮੈਡੀਕਲ ਕਾਲਜਾਂ ਦੀ ਸਥਾਪਨਾ ਕੀਤੀ ਜਾਣੀ ਹੈ। ਇਸ ਯੋਜਨਾ 'ਚ ਦੇਸ਼ ਦੇ ਪੱਛੜੇ ਜ਼ਿਲਿਆਂ ਨੂੰ ਪ੍ਰਮੁੱਖਤਾ ਦਿੱਤੀ ਜਾਣੀ ਹੈ।

ਪਤਾ ਲੱਗਾ ਹੈ ਕਿ ਪਹਿਲੇ ਪੜਾਅ ਵਿੱਚ



ਸਰਕਾਰ ਨੇ 58 ਜ਼ਿਲਾ ਹਸਪਤਾਲਾਂ ਨੂੰ ਮੈਡੀਕਲ ਕਾਲਜ ਵਿੱਚ ਬਦਲਣ ਦੀ ਮਨਜ਼ੂਰੀ ਦਿੱਤੀ ਸੀ। ਦੂਜੇ ਪੜਾਅ ਵਿੱਚ ਇਹ ਮਨਜ਼ੂਰੀ 24 ਹਸਪਤਾਲਾਂ ਲਈ ਸੀ। ਇਨ੍ਹਾਂ ਵਿੱਚੋਂ 39 ਹਸਪਤਾਲ ਕੰਮ ਸ਼ੁਰੂ ਕਰ ਚੁੱਕੇ ਹਨ। ਬਾਕੀ 'ਚ ਨਿਰਮਾਣ ਕਾਰਜ ਜਾਰੀ ਹੈ। ਇੱਕ ਜਾਣਕਾਰ ਸੂਤਰ ਨੇ ਦੱਸਿਆ ਕਿ ਇਸ ਯੋਜਨਾ ਦੇ ਤੀਜੇ ਪੜਾਅ 'ਚ 75 ਹੋਰ ਜ਼ਿਲਾ ਹਸਪਤਾਲਾਂ ਨੂੰ ਮੈਡੀਕਲ ਕਾਲਜਾਂ 'ਚ ਤਬਦੀਲ ਕਰਨ ਦਾ ਪ੍ਰਸਤਾਵ ਮਨਜ਼ੂਰੀ ਲਈ ਖਰਚਾ ਵਿੱਤ ਕਮੇਟੀ ਕੋਲ ਭੇਜਿਆ ਗਿਆ ਹੈ। ਉਸ ਦੀ ਮਨਜ਼ੂਰੀ ਪਿੱਛੋਂ ਇਸ ਨੂੰ ਕੈਬਨਿਟ ਕੋਲ ਭੇਜਿਆ ਜਾਏਗਾ। ਇਸ ਸੂਤਰ ਨੇ ਦੱਸਿਆ ਕਿ ਇਸ ਬਾਰੇ ਵਿੱਚ ਕੈਬਨਿਟ ਦਾ ਇਕ ਨੋਟ ਪਹਿਲੇ ਹੀ ਤਿਆਰ ਕੀਤਾ ਜਾ ਚੁੱਕਾ ਹੈ। ਜ਼ਿਲਾ ਹਸਪਤਾਲਾਂ ਦੇ ਵਿਕਾਸ ਨਾਲ ਨਾ ਕੇਵਲ ਦੇਸ਼ ਵਿੱਚ ਡਾਕਟਰਾਂ ਦੀ ਕਮੀ ਦੂਰ ਕੀਤੀ ਜਾ ਸਕੇਗੀ, ਸਗੋਂ ਦੂਰ-ਦੂਰ ਤੱਕ ਆਮ ਆਦਮੀ ਤੱਕ ਡਾਕਟਰ ਸੇਵਾ ਵੀ ਪਹੁੰਚਾਈ ਜਾ ਸਕੇਗੀ। ਜੇ ਇਸ ਪ੍ਰਸਤਾਵ ਨੂੰ ਅਮਲੀ ਜਾਮਾ ਪਾਇਆ ਜਾਂਦਾ ਹੈ ਤਾਂ ਇਸ ਨਾਲ ਭਾਜਪਾ ਦਾ ਇਕ ਹੋਰ ਚੋਣ ਵਾਅਦਾ ਪੂਰਾ ਹੋਵੇਗਾ ਜੋ ਪਾਰਟੀ ਨੇ ਹਾਲ ਹੀ ਵਿੱਚ ਹੋਈ ਲੋਕ ਸਭਾ ਚੋਣ 'ਚ ਕੀਤਾ ਸੀ।




# ਸਮਾਜਵਾਦੀ ਪਾਰਟੀ ਨੂੰ ਅਖਿਲੇਸ਼, ਸ਼ਿਵਪਾਲ ਦੇ ਇਕੱਠੇ ਹੋਣ ਲਈ ਵਿਧਾਨ ਸਭਾ ਉਪ ਚੋਣਾਂ ਦੀ ਉਡੀਕ

ਨਵੀਂ ਦਿੱਲੀ, 10 ਜੂਨ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਦੇ ਸਰਪ੍ਰਸਤ ਮੁਲਾਇਮ ਸਿੰਘ ਯਾਦਵ ਵਾਲੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਅਤੇ ਪਾਰਟੀ ਤੋਂ ਵੱਖ ਹੋ ਚੁੱਕੇ ਸ਼ਿਵਪਾਲ ਸਿੰਘ ਯਾਦਵ ਨੂੰ ਫਿਰ ਇਕੱਠੇ ਕਰਨ ਦੀਆਂ ਕੋਸ਼ਿਸ਼ਾਂ ਨੂੰ ਸਿਰੇ ਲਾਉਣ ਲਈ ਪਾਰਟੀ ਨੂੰ ਵਿਧਾਨ ਸਭਾ ਉਪ ਚੋਣਾਂ ਦਾ ਇੰਤਜ਼ਾਰ ਹੈ।

ਜਾਣਕਾਰ ਸੂਤਰਾਂ ਦੇ ਅਨੁਸਾਰ ਮੁਲ-ਾਇਮ ਸਿੰਘ ਵੱਲੋਂ ਆਪਣੇ ਬੇਟੇ ਅਖਿਲੇਸ਼ ਸਿੰਘ ਅਤੇ ਆਪਣੇ ਭਰਾ ਸ਼ਿਵਪਾਲ ਸਿੰਘ ਦੀਆਂ ਸ਼ੁਰੂਆਤੀ ਕੋਸ਼ਿਸ਼ਾਂ ਚਾਚੇ-ਭਤੀਜੇ ਵਿਚਾਲੇ ਦਰਾੜ ਭਰਨ 'ਚ ਕਾਮਯਾਬ ਨਹੀਂ ਰਹੀਆਂ। ਮੁਲਾਇਮ ਸਿੰਘ ਦੀ ਪਹਿਲ 'ਤੇ ਆਪਣੇ ਜੱਦੀ ਪਿੰਡ ਸੈਫਈ 'ਚ ਅਖਿਲੇਸ਼ ਅਤੇ ਸ਼ਿਵਪਾਲ ਦੀ ਮੁਲਾਕ-ਾਤ ਹੋਈ, ਪਰ ਸ਼ਿਵਪਾਲ ਨੇ ਪਾਰਟੀ 'ਚ ਆਪਣੀ ਪਾਰਟੀ ਪ੍ਰਗਤੀਸ਼ੀਲ ਸਮਾਜਵਾਦੀ ਪਾਰਟੀ ਦੇ ਰਲੇਵੇਂ ਤੋਂ ਇਨਕਾਰ ਕਰ ਦਿੱਤਾ ਹੈ। ਮੁਲਾਇਮ ਪਰਵਾਰ ਦੇ ਨੇੜੂ ਸੂਤਰਾਂ ਨੇ ਦੱਸਿਆ ਕਿ ਸ਼ਿਵਪਾਲ ਨੇ ਵਿਧਾਨ ਸਭਾ ਉਪ ਚੋਣਾਂ ਵਿੱਚ ਦੋਵਾਂ ਪਾਰਟੀਆਂ ਦੇ ਮਿਲ ਕੇ ਲੜਨ ਦਾ ਸੁਝਾਅ ਦੇ ਦਿੱਤਾ ਹੈ। ਵਰਨਣ ਯੋਗ ਹੈ ਕਿ ਉੱਤਰ ਪ੍ਰਦੇਸ਼ 'ਚ 12 ਵਿਧਾਨ ਸਭਾ ਸੀਟਾਂ 'ਤੇ ਉਪ ਚੋਣਾਂ ਹੋਣੀਆਂ ਹਨ। ਭਾਜਪਾ ਦੇ ਨੌਂ, ਸਮਾਜਵਾਦੀ ਪਾਰਟੀ ਅਤੇ ਬਸਪਾ ਦੇ ਇੱਕ-ਇੱਕ ਵਿਧਾਇਕ ਦੇ ਲੋਕ ਸਭਾ ਚੋਣਾਂ ਜਿੱਤਣ ਅਤੇ ਹਮੀਰਪੁਰ ਤੋਂ ਭਾਜਪਾ ਵਿਧਾਇਕ ਅਸ਼ੋਕ ਸਿੰਘ ਚੰਦੇਲ ਦੀ ਨਾਮਜ਼ਦਗੀ ਰੱਦ ਹੋਣ ਕਾਰਨ ਇਨ੍ਹਾਂ ਸੀਟਾਂ 'ਤੇ ਉਪ ਚੋਣਾਂ ਹੋਣੀਆਂ ਹਨ।



# ਇਮਰਾਨ ਖਾਨ ਨੇ ਦੇਸ਼ ਵਾਸੀਆਂ ਨੂੰ ਟੈਕਸਾਂ ਬਾਰੇ ਅਲਟੀਮੇਟਮ ਦੇ ਦਿੱਤਾ



ਇਸਲਾਮਾਬਾਦ, 10 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਰਥਿਕ ਮੁੱਦੇ ਉੱਤੇ ਅੱਜ ਦੇਸ਼ ਵਾਸੀਆਂ ਨੂੰ ਸੰਬੋਧਿਤ ਕੀਤਾ ਤਾਂ ਇਸ ਭਾਸ਼ਣ ਵਿਚ ਉਨ੍ਹਾਂ ਨੇ ਸਾਰੇ ਪਾਕਿਸਤਾਨੀ ਨਾਗਰਿਕਾਂ ਨੂੰ 30 ਜੂਨ ਤੱਕ ਆਪਣੀ ਜਾਇਦਾਦ ਦਾ ਐਲਾਨ ਕਰਨ ਅਤੇ ਟੈਕਸਾਂ ਬਾਰੇ ਅਲਟੀਮੇਟਮ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨ ਸਰਕਾਰ ਮੰਗਲਵਾਰ ਨੂੰ ਅਗਲੇ ਸਾਲ ਦਾ ਪੇਸ਼ ਕਰਨ ਵਾਲੀ ਹੈ। ਇਮਰਾਨ ਖਾਨ ਨੇ ਦੇਸ਼ ਦੇ ਨਾਮ ਭਾਸ਼ਣ ਵਿਚ ਕਿਹਾ, 'ਮੈਂ ਤੁਹਾਨੂੰ ਸਭ ਨੂੰ 'ਪ੍ਰਾਪਰਟੀ ਡੈਕਲੇਰੇਸ਼ਨ ਪਲਾਨ' ਵਿੱਚ ਹਿੱਸਾ ਲੈਣ ਦੀ ਅਪੀਲ ਕਰਦਾ ਹਾਂ, ਕਿਉਂਕਿ ਜੇ ਅਸੀਂ ਟੈਕਸ ਦਾ ਭੁਗਤਾਨ ਨਹੀਂ ਕਰਦੇ ਤਾਂ ਦੇਸ਼ ਨੂੰ ਅੱਗੇ ਲਿਜਾਣ ਵਿਚ ਸਫਲ ਨਹੀਂ ਹੋਵਾਂਗੇ।' ਉਨ੍ਹਾਂ ਕਿਹਾ, 'ਜੇ ਅਸੀਂ ਆਪਣੇ ਦੇਸ਼ ਨੂੰ ਮਹਾਨ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਖੁਦ ਨੂੰ ਬਦਲਣਾ ਹੋਵੇਗਾ।' ਸਭ ਨੂੰ ਪਤਾ ਹੈ ਕਿ ਪਾਕਿਸਤਾਨ ਨੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ ਐੱਮ ਐੱਫ) ਤੋਂ 6 ਅਰਬ ਡਾਲਰ ਦਾ ਪੈਕੇਜ ਲਿਆ ਹੈ, ਤਾਂ ਕਿ ਸਰਕਾਰ ਚੱਲਦੀ ਰਹਿ ਸਕੇ।

ਇਮਰਾਨ ਖਾਨ ਨੇ ਕਿਹਾ, 'ਤੁਹਾਡੇ ਕੋਲ ਬੇਨਾਮੀ ਜਾਇਦਾਦ, ਬੇਨਾਮੀ ਬੈਂਕ ਖਾਤੇ ਤੇ ਬੇਨਾਮੀ ਧਨ ਐਲਾਨਣ ਲਈ 30 ਜੂਨ ਤੱਕ ਸਮਾਂ ਹੈ। ਇਸ ਦੇ ਬਾਅਦ ਸਰਕਾਰ ਵੱਲੋਂ ਉਚਿਤ ਕਦਮ ਚੁੱਕੇ ਜਾਣਗੇ।' ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ, 'ਵਿਦੇਸ਼ਾਂ ਦੀਆਂ ਸਰਕਾਰਾਂ ਨਾਲ ਅਸਾਂ ਸਮਝੌਤੇ ਕੀਤੇ ਹਨ ਤੇ ਸਾਨੂੰ ਪਾਕਿਸਤਾਨੀ ਲੋਕਾਂ ਦੇ ਬੈਂਕ ਖਾਤਿਆਂ ਤੇ ਜਾਇਦਾਦਾਂ ਦੇ ਬਾਰੇ ਜ਼ਰੂਰੀ ਸੂਚਨਾਵਾਂ ਮਿਲ ਰਹੀਆਂ ਹਨ। ਇਕ ਗੱਲ ਯਾਦ ਰੱਖਣਾ ਕਿ ਸਾਡੀ ਸਰਕਾਰ ਕੋਲ ਉਹ ਜਾਣਕਾਰੀ ਹੈ, ਜੋ ਪਹਿਲਾਂ ਕਿਸੇ ਸਰਕਾਰ ਕੋਲ ਨਹੀਂ ਸੀ।' ਉਨ੍ਹਾਂ ਕਿਹਾ, 'ਸਾਡੀਆਂ ਏਜੰਸੀਆਂ ਕੋਲ ਬੇਨਾਮੀ ਅਕਾਊਂਟ ਅਤੇ ਸਭ ਬੇਨਾਮੀ ਜਾਇਦਾਦਾਂ ਦੀ ਸੂਚਨਾ ਹੈ। ਇਸ ਲਈ ਤੁਸੀਂ 30 ਜੂਨ ਤੱਕ ਦੀ ਸਕੀਮ ਦਾ ਲਾਭ ਲਵੋ ਤੇ ਦੇਸ਼ ਦੇ ਨਾਲ ਆਪਣੇ ਬੱਚੇ ਦਾ ਭਵਿੱਖ ਸੁਰੱਖਿਅਤ ਕਰੋ। ਸਾਨੂੰ ਇਕ ਮੌਕਾ ਦੇਵੋ ਕਿ ਅਸੀਂ ਦੇਸ਼ ਨੂੰ ਉਸ ਦੇ ਪੈਰਾਂ ਉੱਤੇ ਖੜ੍ਹਾ ਕਰ ਸਕੀਏ ਅਤੇ ਲੋਕਾਂ ਨੂੰ ਗਰੀਬੀ ਵਿਚੋਂ ਬਾਹਰ ਕੱਢ ਸਕੀਏ।'

ਆਪਣੇ ਭਾਸ਼ਣ ਦੇ ਸ਼ੁਰੂ ਵਿਚ ਇਮ-ਰਾਨ ਨੇ ਕਿਹਾ, 'ਮੇਰੇ ਦੇਸ਼ ਵਾਸੀਓ! ਪਿਛਲੇ 10 ਸਾਲਾਂ ਵਿਚ ਦੇਸ਼ ਦਾ ਕਰਜ਼ਾ 6,000 ਅਰਬ ਰੁਪਏ ਤੋਂ ਵਧ ਕੇ 30,000 ਅਰਬ ਰੁਪਏ ਹੋ ਗਿਆ ਹੈ। ਇਸ ਨਾਲ ਦੇਸ਼ ਨੂੰ ਜਿੰਨਾ ਨੁਕਸਾਨ ਪਹੁੰਚਿਆ ਹੈ, ਉਹ ਇਹ ਹੈ ਕਿ ਜਿਹੜਾ ਕਰੀਬ 4,000 ਅਰਬ ਰੁਪਏ ਦਾ ਸਾਲਾਨਾ ਟੈਕਸ ਇਕੱਠਾ ਹੁੰਦਾ ਹੈ, ਉਸ ਦਾ ਅੱਧਾ ਹਿੱਸਾ ਕਰਜ਼ੇ ਦੇ ਭੁਗਤਾਨ ਵਿਚ ਖਰਚ ਹੋ ਜਾਂਦਾ ਹੈ। ਬਾਕੀ ਰਕਮ ਨਾਲ ਦੇਸ਼ ਸਾਰੇ ਖਰਚ ਪੂਰੇ ਨਹੀਂ ਕਰ ਸਕਦਾ। ਬਦਕਿਸਮਤੀ ਨਾਲ ਪਾਕਿਸਤਾਨ ਦੁਨੀਆ ਵਿਚ ਸਭ ਤੋਂ ਘੱਟ ਟੈਕਸ ਦੇਣ ਵਾਲਾ ਦੇਸ਼ ਹੈ, ਪਰ ਇਹੀ ਦੇਸ਼ ਉਨ੍ਹਾਂ ਚੋਣਵੇਂ ਦੇਸ਼ਾਂ ਵਿਚੋਂ ਹੈ, ਜਿਹੜਾ ਖੁੱਲ੍ਹ ਕੇ ਦਾਨ ਦਿੰਦਾ ਹੈ। ਜੇ ਸਾਡੇ ਲੋਕਾਂ ਵਿਚ ਜੋਸ਼ ਆ ਜਾਵੇ ਤਾਂ ਅਸੀਂ ਹਰ ਸਾਲ ਘੱਟੋ-ਘੱਟ 10,000 ਅਰਬ ਰੁਪਏ ਇਕੱਠੇ ਕਰ ਸਕਦੇ ਹਾਂ।'

# ਅਮਰੀਕੀ ਨਾਗਰਿਕਾਂ ਨੂੰ ਪਾਕਿਸਤਾਨ ਪੰਜ ਸਾਲ ਦਾ ਵੀਜ਼ਾ ਦੇਵੇਗਾ




ਇਸਲਾਮਾਬਾਦ, 10 ਜੂਨ (ਪੋਸਟ ਬਿਊਰੋ)- ਅਮਰੀਕਾ ਦੀ ਸਖ਼ਤੀ ਤੋਂ ਬਾਅਦ ਪਾਕਿਸਤਾਨ ਨੇ ਆਪਣੀ ਵੀਜ਼ਾ ਨੀਤੀ ਵਿੱਚ ਵੱਡਾ ਬਦਲਾਅ ਕੀਤਾ ਅਤੇ ਅਮਰੀਕੀ ਨਾਗਰਿਕਾਂ ਨੂੰ ਪੰਜ ਸਾਲਾ ਵੀਜ਼ਾ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਉਹ ਕਈ ਵਾਰੀ ਪਾਕਿਸਤਾਨ ਦੀ ਯਾਤਰਾ ਕਰ ਸਕਣਗੇ। ਉਂਜ ਇਸ ਤੋਂ ਪਹਿਲਾਂ ਅਮਰੀਕਾ ਨੇ ਮਾਰਚ ਵਿੱਚ ਪਾਕਿਸਤਾਨੀ ਨਾਗਰਿਕਾਂ ਦੀ ਵੀਜ਼ਾ ਵੈਧਤਾ ਪੰਜ ਤੋਂ ਘਟਾ ਕੇ ਇਕ ਸਾਲ ਕਰ ਦਿੱਤੀ ਸੀ।

ਸਥਾਨਕ ਐਕਸਪ੍ਰੈੱਸ ਟ੍ਰਿਬਿਊਨ ਅਖ਼ਬਾਰ ਨੇ ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਹੈ ਕਿ ਪੰਜ ਸਾਲਾ ਵੀਜ਼ੇ ਨਾਲ ਦੋਵਾਂ ਦੇਸ਼ਾਂ ਵਿਚਲੇ ਨਿਵੇਸ਼ਕਾਂ ਤੇ ਸੈਲਾਨੀਆਂ ਨੂੰ ਲਾਭ ਹੋਵੇਗਾ। ਨਵੀਂ ਵੀਜ਼ਾ ਨੀਤੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸੈਰ ਸਪਾਟੇ ਤੇ ਕਾਰੋਬਾਰ ਵਿੱਚ ਸੁਧਾਰ ਲਿਆਉਣ ਦੇ ਰੁਖ਼ ਦੇ ਮੁਤਾਬਕ ਹੈ।' ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰਾਲੇ ਨੇ ਪਿਛਲੇ ਮਹੀਨੇ ਅਮਰੀਕਾ ਦੇ ਪਾਕਿਸਤਾਨੀ ਦੂਤਘਰ ਦੇ ਦਫ਼ਤਰਾਂ ਨੂੰ ਦੱਸ ਦਿੱਤਾ ਸੀ ਕਿ ਉਹ ਅਮਰੀਕੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨ ਵਿੱਚ ਨਵੀਂ ਨੀਤੀ ਦੀ ਪਾਲਣਾ ਕਰਨ। ਅਮਰੀਕਾ ਲੰਬੇ ਸਮੇਂ ਤੋਂ ਪਾਕਿਸਤਾਨ ਤੋਂ ਆਪਣੇ ਨਾਗਰਿਕਾਂ ਲਈ ਪੰਜ ਸਾਲਾ ਵੀਜ਼ੇ ਦੀ ਮੰਗ ਕਰ ਰਿਹਾ ਸੀ, ਪਰ ਪਾਕਿ-ਸਤਾਨ ਦਾ ਜਵਾਬ ਨਾ ਮਿਲਣ ਉੱਤੇ ਅਮਰੀਕਾ ਨੇ ਆਪਣੀ ਨੀਤੀ ਬਦਲ ਦਿੱਤੀ। ਪੰਜ ਮਾਰਚ ਨੂੰ ਅਮਰੀਕਾ ਨੇ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ੇ ਦੀ ਵੈਧਤਾ ਨੂੰ ਪੰਜ ਸਾਲ ਤੋਂ ਘਟਾ ਕੇ ਇਕ ਸਾਲ ਕਰ ਦਿੱਤਾ ਤੇ ਇਹ ਐਲਾਨ ਕੀਤਾ ਸੀ ਕਿ ਵੀਜ਼ੇ ਦਾ ਨਵੀਨੀਕਰਨ ਕਰਾਏ ਬਗ਼ੈਰ ਪਾਕਿਸਤਾਨੀ ਪੱਤਰਕਾਰ ਅਮਰੀਕਾ ਵਿੱਚ ਤਿੰਨ ਮਹੀਨੇ ਤੋਂ ਵੱਧ ਨਹੀਂ ਰਹਿ ਸਕਣਗੇ। ਅਪ੍ਰੈਲ ਵਿੱਚ ਅਮਰੀਕਾ ਨੇ ਪਾਕਿਸਤਾਨ ਨੂੰ ਉਨ੍ਹਾਂ ਦਸ ਪਾਬੰਦੀ ਸ਼ੁਦਾ ਦੇਸ਼ਾਂ ਦੀ ਸੂਚੀ ਵਿਚ ਪਾ ਦਿੱਤਾ, ਜਿਨ੍ਹਾਂ ਨੇ ਹਵਾਲਗੀ ਕੀਤੇ ਗਏ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਪਾਕਿਸਤਾਨ ਨੇ ਆਪਣੇ ਉਨ੍ਹਾਂ ਨਾਗਰਿਕਾਂ ਨੂੰ ਵੀ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ, ਜਿਹੜੇ ਵੀਜ਼ਾ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿੱਚ ਰਹਿ ਰਹੇ ਹਨ।

# ਵਿਦੇਸ਼ੀ ਵਿਦਿਆਰਥੀਆਂ ਲਈ ਯੂ ਕੇ ਵਿੱਚ ਕੰਮ ਕਰਨਾ ਹੋਰ ਸੌਖਾ ਕੀਤਾ ਜਾਵੇਗਾ

ਲੰਡਨ, 10 ਜੂਨ (ਪੋਸਟ ਬਿਊਰੋ)- ਬ੍ਰਿਟੇਨ ਦੇ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ 'ਚ ਸ਼ਾਮਲ ਸਾਜਿਦ ਜਾਵਿਦ ਨੇ ਕਿਹਾ ਹੈ ਕਿ ਉਹ ਚਾਹੁੰਦੇ ਹਨ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਬ੍ਰਿਟੇਨ 'ਚ ਰਹਿ ਕੇ ਕੰਮ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ, ਜਿਸ ਲਈ ਇਮੀਗ੍ਰੇਸ਼ਨ ਨੀਤੀਆਂ 'ਚ ਨਰਮੀ ਲਿਆਉਣ ਦੀ ਲੋੜ ਹੈ।

ਸਾਜਿਦ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਮੌਜੂਦਾ ਨਿਯਮਾਂ ਵਿੱਚ ਨਰਮੀ ਹੋਵੇ, ਖਾਸ ਤੌਰ 'ਤੇ ਉਸ ਨਿਯਮ 'ਚ ਜਿਸ ਤਹਿਤ ਵਿਦੇਸ਼ੀ ਵਿਦਿਆਰਥੀਆਂ ਨੂੰ ਪੜ੍ਹਾਈ ਖਤਮ ਕਰਨ ਤੋਂ ਬਾਅਦ ਸਿਰਫ ਛੇ ਮਹੀਨੇ ਕੰਮ ਕਰ ਸਕਦੇ ਹਨ। ਉਨ੍ਹਾਂ ਥਿੰਕ ਟੈਂਕ ਬ੍ਰਿਟਿਸ਼ ਫਿਊਚਰ ਵੱਲੋਂ ਲੰਡਨ 'ਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਾਡੇ ਦੇਸ਼ 'ਚ ਹੋਰ ਵਧੇਰੇ ਅੰਤਰਰਾਸ਼ਟਰੀ ਵਿਦਿਆਰਥੀ ਇਥੇ ਸਾਡੀਆਂ ਮਹਾਨ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਲਈ ਆਉਂਦੇ ਹਨ, ਜੇ ਉਹ ਬਾਅਦ 'ਚ ਇਥੇ ਕੰਮ ਕਰਨਾ ਚਾਹੁੰਦੇ ਹਨ ਤਾਂ ਸਾਨੂੰ ਉਨ੍ਹਾਂ ਲਈ ਯੂ ਕੇ 'ਚ ਰਹਿਣ ਅਤੇ ਕੰਮ ਕਰਨ ਨੂੰ ਸੌਖਾ ਬਣਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਨਹੀਂ ਕਹਿਣਾ ਚਾਹੀਦਾ ਕਿ ਉਹ ਵਾਪਸ ਜਾਣ। ਭਾਵੇਂ ਬ੍ਰੈਗਜ਼ਿਟ ਕਾਰਨ ਯੂ ਕੇ ਦੀ ਸਿਆਸਤ 'ਚ ਤਰਥੱਲੀ ਮੱਚੀ ਹੋਈ ਹੈ ਕਿ ਪ੍ਰਧਾਨ ਮੰਤਰੀ ਥੈਰੇਸਾ ਮੇਅਰ ਦੇ ਅਸਤੀਫੇ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਦੀ ਚੋਣ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਅਜਿਹੇ ਮੌਕੇ ਗ੍ਰਹਿ ਮੰਤਰੀ ਜੋ ਖੁਦ ਪ੍ਰਧਾਨ ਮੰਤਰੀ ਅਹੁਦੇ ਲਈ ਮੈਦਾਨ 'ਚ ਹਨ ਵੱਲੋਂ ਦਿੱਤਾ ਗਿਆ ਇਹ ਬਿਆਨ ਮਹੱਤਵਪੂਰਨ ਹੈ।

# ਹਿਮਾਲਿਆ ਵਿੱਚ 100 ਲਾਸ਼ਾਂਦੱਬੀਆਂ ਹੋਣ ਦਾ ਸ਼ੱਕ



ਕਾਠਮੰਡੂ, 10 ਜੂਨ (ਪੋਸਟ ਬਿਊਰੋ)- ਐਵਰੈਸਟ ਸਮੇਤ ਹਿਮਾਲਿਆਂ ਦੀਆਂ ਸਭ ਚੋਟੀਆਂ 'ਤੇ ਫਤਹਿ ਹਾਸਲ ਕਰਨ ਦੀ ਤਮੰਨਾ ਹਰ ਸਾਲ ਕਈ ਲੋਕਾਂ ਦੀ ਜਾਨ ਲੈ ਲੈਂਦੀ ਹੈ। ਇਕ ਅੰਦਾਜ਼ਾ ਹੈ ਕਿ ਉਚੀਆਂ ਪਹਾੜੀਆਂ 'ਤੇ ਬਰਫ ਹੇਠਾਂ ਪਿਛਲੇ ਕੁਝ ਦਹਾਕਿਆਂ 'ਚ ਜਾਨ ਗੁਆਉਣ ਵਾਲੇ ਕਰੀਬ 100 ਲੋਕਾਂ ਦੀਆਂ ਲਾਸ਼ਾਂ ਦੱਬੀਆਂ ਹੋ ਸਕਦੀਆਂ ਹਨ।

ਪਿੱਛੇ ਜਿਹੇ ਚੜ੍ਹਾਈ ਦਾ ਸੀਜ਼ਨ ਬੀਤਣ ਪਿੱਛੋਂ ਐਵਰੈਸਟ 'ਚ ਚਲਾਈ ਗਈ ਸਫਾਈ ਮੁਹਿੰਮ 'ਚ ਚਾਰ ਅਜਿਹੀਆਂ ਲਾਸ਼ਾਂ ਮਿਲੀਆਂ ਹਨ, ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਨੇਪਾਲ ਸਰਕਾਰ ਇਨ੍ਹਾਂ ਦੀ ਪਛਾਣ ਲਈ ਕਾਠਮੰਡੂ ਸਥਿਤ ਵੱਖ-ਵੱਖ ਦੇਸ਼ਾਂ ਦੇ ਦੂਤਘਰਾਂ ਨਾਲ ਸੰਪਰਕ ਕਰ ਰਹੀ ਹੈ।ਨੇਪਾਲ 'ਚ ਹਰ ਸਾਲ ਵੱਡੀ ਗਿਣਤੀ ਵਿੱਚ ਲੋਕ ਐਵਰੈਸਟ ਤੇ ਹੋਰ ਚੋਟੀਆਂ 'ਤੇ ਚੜ੍ਹਾਈ ਚੜ੍ਹਨ ਲਈ ਆਉਂਦੇ ਹਨ। ਇਸ ਕੋਸ਼ਿਸ਼ 'ਚ ਕਈਆਂ ਦੀ ਜਾਨ ਚਲੀ ਜਾਂਦੀ ਅਤੇ ਕਈ ਲਾਪਤਾ ਹੋ ਜਾਂਦੇ ਹਨ। 11 ਮੌਤਾਂ ਨਾਲ ਇਸ ਸਾਲ ਦਾ ਸੀਜ਼ਨ ਸਭ ਤੋਂ ਜਾਨ ਲੇਵਾ ਸੀਜ਼ਨਾਂ ਵਿੱਚ ਸ਼ਾਮਲ ਰਿਹਾ। ਬਹੁਤ ਸਾਰੇਲੋਕਾਂ ਦੇ ਤੁਰ ਪੈਣ ਨਾਲ ਐਵਰੈਸਟ 'ਤੇ ਜਾਮ ਦੇ ਹਾਲਾਤ ਵੀ ਬਣ ਗਏ। ਕੁਝ ਪਰਬਤਾਰੋਹੀਆਂ ਦਾ ਕਹਿਣਾ ਹੈ ਕਿ ਇਸ ਵਾਰ ਐਵਰੈਸਟ 'ਤੇ ਚਿੜੀਆਘਰ ਵਰਗਾ ਹਾਲ ਹੋ ਗਿਆ ਸੀ।ਰੁੱਝੇ ਹੋਏ ਸੀਜ਼ਨ ਤੋਂ ਬਾਅਦ ਸਫਾਈ ਮੁਹਿੰਮ ਵਿੱਚ ਚਾਰ ਅਜਿਹੀਆਂ ਲਾਸ਼ਾਂ ਮਿਲੀਆਂ ਹਨ, ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਨੇਪਾਲ ਦੇ ਸੈਰ ਸਪਾਟਾ ਵਿਭਾਗ ਦੀ ਡਾਇਰੈਕਟਰ ਮੀਰਾ ਅਚਾਰੀਆ ਨੇ ਦੱਸਿਆ ਕਿ ਲਾਸ਼ਾਂ ਦਾ ਪੋਸਟ ਮਾਰਟਮ ਕੀਤਾ ਜਾਵੇਗਾ। ਜੇ ਇਨ੍ਹਾਂ ਲਾਸ਼ਾਂ ਲਈ ਕੋਈ ਦਾਅਵਾ ਨਹੀਂ ਕਰੇਗਾ ਤਾਂ ਨੇਪਾਲ ਸਰਕਾਰ ਇਨ੍ਹਾਂ ਦਾ ਸਸਕਾਰ ਕਰੇਗੀ।ਨੇਪਾਲ ਮਾਊਂਟੇਨੀਅਰਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲ ਬਹਾਦਰ ਗੁਰੂੰਗ ਨੇ ਕਿਹਾ ਕਿ ਸਾਰੀਆਂ ਲਾਸ਼ਾਂ ਵਿਦੇਸ਼ੀ ਨਾਗਰਿਕਾਂ ਦੀਆਂ ਜਾਪਦੀਆਂ ਹਨ। ਬਰਫ ਦੇ ਤੋਦੇ ਖਿਸਕਣ ਕਾਰਨ ਇਨ੍ਹਾਂ ਦੇ ਸਰੀਰ ਟੁੱਟ ਗਏ ਹਨ। ਇਹ ਸਾਫ ਨਹੀਂ ਕਿ ਇਨ੍ਹਾਂ ਦੀਆਂ ਲਾਸ਼ਾਂ ਕਦੋਂ ਤੋਂ ਇਥੇ ਦੱਬੀਆਂ ਪਈਆਂ ਸਨ।

# ਗੂਗਲ ਨੇ ਪਿਛਲੇ ਸਾਲ ਨਿਊਜ਼ ਤੋਂ ਕਮਾਏ 4.7 ਅਰਬ ਡਾਲਰ




ਵਾਸ਼ਿੰਗਟਨ, 10 ਜੂਨ (ਪੋਸਟ ਬਿਊਰੋ)- ਵੱਡੀ ਤਕਨੀਕੀ ਕੰਪਨੀ ਗੂਗਲ ਨੇ 2018 ਵਿੱਚ ਸਿਰਫ਼ ਨਿਊਜ਼ ਤੋਂ 4.7 ਅਰਬ ਡਾਲਰ ਦੀ ਕਮਾਈ ਕੀਤੀ ਹੈ। ਪਿਛਲੇ ਸਾਲ ਡਿਜੀਟਲ ਮਾਰਕੀਟਿੰਗ ਨਾਲ ਅਮਰੀਕਾ ਦੀ ਪੂਰੀ ਨਿਊਜ਼ ਇੰਡਸਟਰੀ ਨੇ 5.1 ਅਰਬ ਡਾਲਰ ਕਮਾਏ ਸਨ। ਗੂਗਲ ਨੇ ਇਕ-ੱਲੇ ਲਗਪਗ ਇਸਦੇ ਬਰਾਬਰ ਕਮਾਈ ਕੀਤੀ।

ਅਮਰੀਕਾ ਦੇ ਦੋ ਹਜ਼ਾਰ ਅਖ਼ਬਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਨਿਊਜ਼ ਮੀਡੀਆ ਐਲਾਇੰਸ (ਐੱਨ ਐੱਮ ਏ) ਦੀ ਰਿਪੋਰਟ ਮੁਤਾਬਕ ਗੂਗਲ ਨੇ ਸਰਚ ਤੇ ਗੂਗਲ ਨਿਊਜ਼ ਨਾਲ ਇਹ ਕਮਾਈ ਕੀਤੀ ਹੈ। ਇਸ ਵਿੱਚ ਉਸ ਆਮਦਨ ਨੂੰ ਨਹੀਂ ਜੋੜਿਆ ਗਿਆ, ਜੋ ਕਿਸੇ ਯੂਜ਼ਰ ਵੱਲੋਂ ਨਿਊਜ਼ ਨੂੰ ਕਲਿਕ ਕਰਨ ਜਾਂ ਉਸ ਨੂੰ ਲਾਈਕ ਕਰਨ ਨਾਲ ਗੂਗਲ ਨੂੰ ਹੁੰਦੀ ਹੈ। ਐੱਨ ਐੱਮ ਏ ਨੇ ਆਪਣੀ ਇਹ ਰਿਪੋਰਟ ਟੈੱਕ ਕੰਪਨੀਆਂ ਅਤੇ ਮੀਡੀਆ ਦੇ ਰਿਸ਼ਤੇ ਬਾਰੇ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਦੀ ਕਮੇਟੀ ਵਿੱਚ ਹੋਣ ਵਾਲੀ ਸੁਣਵਾਈ ਤੋਂ ਪਹਿਲਾਂ ਜਾਰੀ ਕੀਤੀ ਹੈ। ਐਲਾਇੰਸ ਦੇ ਚੇਅਰਮੈਨ ਅਤੇ ਸੀ ਈ ਓ ਡੇਵਿਡ ਚਾਵਰਨ ਨੇ ਕਿਹਾ ਕਿ ਇਸ ਰਿਪੋਰਟ ਬਾਰੇ ਜੇ ਕੋਈ ਵੀ ਚਰਚਾ ਕੀਤੀ ਜਾਂਦੀ ਹੈ ਕਿ ਉਸ ਨਾਲ ਜਰਨਲਿਜ਼ਮ ਕੰਪੀਟੀਸ਼ਨ ਐਂਡ ਪ੍ਰਿਜ਼ਰਵੇਸ਼ਨ ਐਕਟ ਲਾਗੂ ਕਰਨ ਵਿੱਚ ਮਦਦ ਮਿਲੇਗੀ। ਇਸ ਕਾਨੂੰਨ ਵਿੱਚ ਖ਼ਬਰਾਂ ਤੋਂ ਹੁੰਦੀ ਕਮਾਈ ਨੂੰ ਪ੍ਰਕਾਸ਼ਕ ਤੇ ਆਨਲਾਈਨ ਪਲੇਟਫਾਰਮ ਵਿੱਚ ਵੰਡਣ ਦੀ ਵਿਵਸਥਾ ਹੈ।

ਐੱਨ ਐੱਮ ਏ ਦੇ ਸੀ ਈ ਓ ਡੇਵਿਡ ਚਾਵਰਨ ਨੇ ਕਿਹਾ ਕਿ ਮਿਹਨਤ ਪੱਤਰਕਾਰਾਂ ਦੀ ਸੀ, ਪਰ ਕਮਾਈ ਗੂਗਲ ਕੋਲ ਗਈ ਹੈ, ਇਹ ਸਹੀ ਨਹੀਂ ਹੈ। ਗੂਗਲ ਨੂੰ ਇਸ ਦੀ ਭਰਪਾਈ ਕਰਨੀ ਚਾਹੀਦੀ ਹੈ ਤੇ ਉਸ ਨੂੰ ਆਪਣੀ ਕਮਾਈ ਵਿੱਚ ਪੱਤਰਕਾਰਾਂ ਨੂੰ ਵੀ ਹਿੱਸਾ ਦੇਣਾ ਚਾਹੀਦਾ ਹੈ। ਫਿਲਾਡੇਲਫੀਆ ਦੇ ਮੀਡੀਆ ਨੈਟਵਰਕ ਨਾਲ ਜੁੜੇ ਟੇਰੈਂਸ ਸੀ ਜੇ ਇਗਰ ਨੇ ਕਿਹਾ, ਪ੍ਰਕਾਸ਼ਕ ਗੂਗਲ ਲਈ ਕੰਟੈਂਟ ਹਾਸਲ ਕਰਾਉਂਦੇ ਹਨ ਤਾਂ ਬਦਲੇ ਵਿਚ ਉਸ ਨੂੰ ਵੀ ਪ੍ਰਕਾਸ਼ਕਾਂ ਅਤੇ ਪੱਤਰਕਾਰਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਨਿਊਜ਼ ਗੂਗਲ ਦੀ ਆਮਦਨ ਦਾ ਮੁੱਖ ਵਸੀਲਾ ਹਨ। ਗੂਗਲ ਉੱਤੇ 40 ਫ਼ੀਸਦੀ ਕਲਿੱਕ ਕਿਸੇ ਨਿਊਜ਼ ਨਾਲ ਸਬੰਧਤ ਹੁੰਦੇ ਹਨ, ਪਰ ਗੂਗਲ ਉਸ ਨਿਊਜ਼ ਨੂੰ ਲਿਖਣ ਵਾਲੇ ਵਿਅਕਤੀ ਜਾਂ ਉਸ ਸੰਸਥਾ ਨੂੰ ਇਸ ਦੀ ਪੈਸੇ ਨਹੀਂ ਦੇਂਦਾ। ਉਹ ਯੂਜ਼ਰ ਤੇ ਪ੍ਰਕਾਸ਼ਕ ਦੇ ਵਿਚੋਲੇ ਦਾ ਕੰਮ ਕਰਦਾ ਹੈ। ਇਸ ਲਈ ਆਨਲਾਈਨ ਇਸ਼ਤਿਹਾਰ ਤੋਂ ਹੋਣ ਵਾਲੀ ਕਮਾਈ ਦਾ ਜ਼ਿਆਦਾ ਹਿੱਸਾ ਉਸੇ ਕੋਲ ਜਾਂਦਾ ਹੈ। ਇਸੇ ਕਾਰਨ ਪਿਛਲੇ ਦੋ ਦਹਾਕਿਆਂ ਵਿੱਚ ਨਿਊਜ਼ ਪ੍ਰਕਾਸ਼ਕਾਂ ਦੀ ਆਮਦਨ ਦਾ ਮੁੱਖ ਵਸੀਲਾ ਲਗਪਗ ਖ਼ਤਮ ਹੋ ਗਿਆ ਹੈ। ਉਨ੍ਹਾਂ ਵਿੱਚੋਂ ਕਈ ਬੰਦ ਹੋਣ ਦੇ ਕੰਢੇ ਆ ਗਏ ਹਨ।

# ਐਸ ਸੀ ਓ ਸੰਮੇਲਨ ਵਿੱਚ ਨਰਿੰਦਰ ਮੋਦੀ ਨੂੰ ਜਿਨਪਿੰਗ ਵੱਖਰੇ ਤੌਰ 'ਤੇ ਮਿਲਣਗੇ



ਬੀਜਿੰਗ, 10 ਜੂਨ (ਪੋਸਟ ਬਿਊਰੋ)- ਸੰਘਾਈ ਸਹਿਯੋਗ ਸੰਗਠਨ (ਐਸ ਸੀ ਓ) ਦੇ ਇਸ ਹਫਤੇ ਬਿਸ਼ਕੇਕ 'ਚ ਹੋਣ ਵਾਲੇ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਖਰੇ ਤੌਰ 'ਤੇ ਮੁਲਾਕਾਤ ਕਰਨਗੇ। ਆਮ ਚੋਣਾਂ 'ਚ ਭਾਜਪਾ ਨੂੰ ਜ਼ਬਰਦਸਤ ਬਹੁਮਤ ਮਿਲਣ ਤੋਂ ਬਾਅਦ ਦੋਵਾਂ ਨੇਤਾਵਾਂ ਦੀ ਇਹ ਪਹਿਲੀ ਬੈਠਕ ਹੋਵੇਗੀ।ਸੰਘਾਈ ਸਹਿਯੋਗ ਸੰਗਠਨ (ਐਸ ਸੀ ਓ) ਸੰਮੇਲਨ ਕਿਰਗਿਸਤਾਨ ਦੇ ਬਿਸ਼ਕੇਕ 'ਚ 13-14 ਜੂਨ ਨੂੰ ਹੋਣਾ ਹੈ। ਐਸ ਸੀ ਓ ਚੀਨ ਦੀ ਅਗਵਾਈ ਵਾਲਾ ਅੱਠ ਮੈਂਬਰੀ ਆਰਥਿਕ ਤੇ ਸੁਰੱਖਿਆ ਸਮੂਹ ਹੈ। ਇਸ 'ਚ ਭਾਰਤ ਤੇ ਪਾਕਿਸਤਾਨ ਸਾਲ 2017 'ਚ ਸ਼ਾਮਲ ਹੋਏ ਹਨ। ਚੀਨ 'ਚ ਭਾਰਤੀ ਰਾਜਦੂਤ ਵਿਕਰਮ ਮਿਸਤਰੀ ਨੇ ਪਿਛਲੇ ਹਫਤੇ ਕਿਹਾ ਸੀ ਕਿ ਮੋਦੀ ਤੇ ਜਿਨਪਿੰਗ ਐਸ ਸੀ ਓ ਸੰਮੇਲਨ ਤੋਂ ਇਲਾਵਾ ਮੁਲਾਕਾਤ ਕਰਨਗੇ।

ਇਸੇ ਗੱਲ ਦੀ ਪੁਸ਼ਟੀ ਕਰਦਿਆਂ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲੁ ਕਾਂਗ ਨੇ ਕੱਲ੍ਹ ਕਿਹਾ ਕਿ ਦੋਵਾਂ ਨੇਤਾ ਇਕ ਵਾਰ ਫਿਰ ਐਸ ਸੀ ਓ ਸੰਮੇਲਨ ਤੋਂ ਵੱਖਰੇ ਤੌਰ 'ਤੇ ਬੈਠਕ ਕਰਨ ਵਾਲੇ ਹਨ। ਉਨ੍ਹਾਂ ਦੱਸਿਆ ਕਿ ਜਿਨਪਿੰਗ 12 ਜੂਨ ਤੋਂ 16 ਜੂਨ ਤੱਕ ਕਿਰਗਿਸਤਾਨ ਤੇ ਤਜ਼ਾਕਿਸਤਾਨੀ ਸਰਕਾਰ ਦੌਰੇ 'ਤੇ ਰਹਿਣਗੇ। ਸਾਲ 2017 'ਚ ਡੋਕਲਾਮ ਕਾਂਡ ਤੋਂ ਵਧੀ ਤਲਖੀ ਨੂੰ 27-28 ਅਪ੍ਰੈਲ ਨੂੰ ਹੋਏ ਵੂਹਾਨ ਸੰਮੇਲਨ 'ਚ ਮੋਦੀ ਤੇ ਜਿਨਪਿੰਗ ਦੀ ਗੱਲਬਾਤ 'ਚ ਕਮੀ ਆਈ ਸੀ। ਇਸੇ ਸੰਮੇਲਨ ਤੋਂ ਬਾਅਦ ਵੱਖ-ਵੱਖ ਪੱਧਰਾਂ 'ਤੇ ਦੋਵਾਂ ਦੇਸ਼ਾਂ ਨੇ ਆਪਸੀ ਸਬੰਧ ਸੁਧਾਰਨ ਲਈ ਕਈ ਯਤਨ ਕੀਤੇ। ਇਸ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਸਬੰਧ ਸ਼ਾਮਲ ਹਨ।

# ਬਾਬੋਸ-ਮਲਾਦੇਨੋਵਿਕ ਦੀ ਜੋੜੀ ਨੇ ਜਿੱਤਿਆ ਖਿਤਾਬ

ਪੈਰਿਸ, 10 ਜੂਨ (ਪੋਸਟ ਬਿਊਰੋ)- ਹੰਗਰੀ ਦੀ ਮਹਿਲਾ ਟੈਨਿਸ ਖਿਡਾਰੀ ਟੀਮੀਆ ਬਾਬੋਸ ਅਤੇ ਫਰਾਂਸ ਦੀ ਕ੍ਰਿਸਟੀਨਾ ਮਲਾਦੇਨੋਵਿਕ ਨੇ ਇਥੇ ਕੱਲ੍ਹ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਫ੍ਰੈਂਚ ਓਪਨ ਦੀ ਮਹਿਲਾ ਡਬਲਜ਼ ਦੀ ਟਰਾਫੀ ਆਪਣੇ ਨਾਂ ਕੀਤੀ। ਇਸ ਜੋੜੀ ਨੇ ਚੀਨ ਦੀ ਜੋੜੀ ਇਆਨ ਯਿੰਗਯਿੰਗ ਤੇ ਝੇਂਗ ਸਾਈਸਾਈ ਨੂੰ ਸਿੱਧੇ ਸੈਟਾਂ ਵਿੱਚ ਆਸਾਨੀ ਨਾਵ 6-2, 6-3 ਨਾਲ ਹਰਾ ਦਿੱਤਾ।ਦੂਜੀ ਰੈਂਕਿੰਗ ਦੀ ਜੋੜੀ ਨੇ ਇਕੱਠਿਆਂ ਦੂਜੀ ਵਾਰ ਗ੍ਰੈਂਡਸਲੈਮ ਦੀ ਟਰਾਫੀ ਜਿੱਤੀ ਹੈ। ਇਸ ਤੋਂ ਪਹਿਲਾਂ ਇਸ ਜੋੜੀ ਨੇ ਪਿਛਲੇ ਸਾਲ ਆਸਟਰੇਲੀਆ ਓਪਨ ਖਿਤਾਬ ਜਿੱਤਿਆ ਸੀ, ਜਦ ਕਿ ਇਸ ਸਾਲ ਉਹ ਇਸ ਟੂਰਨਾਮੈਂਟ ਦੀ ਉਪ ਜੇਤੂ ਰਹੀ ਸੀ। ਮਲਾਦੇਨੋਵਿਕ ਦੀ ਇਹ ਤੀਜੀ ਵੱਡੀ ਜੇਤੂ ਟਰਾਫੀ ਹੈ। ਇਸ ਤੋਂ ਪਹਿਲਾਂ ਉਨ੍ਹਾਂ 2016 ਵਿੱਚ ਫਰਾਂਸ ਦੀ ਕੈਰੋਲਾਈਨ ਗਾਰਸੀਆ ਨਾਲ ਮਿਲ ਕੇ ਫ੍ਰੈਂਚ ਓਪਨ ਜਿੱਤਿਆ ਸੀ।

Honesty, Reliability, Commitment
Hira Randhawa
Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 — Sandalwood & Conestoga — Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 — Dixie/Octillo — Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 — Charleston Side Rd/Main St. — Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 — Charolais/Chinguacousy Rd — Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਨਿਊਜ਼ੀਲੈਂਡ ਵਿੱਚ ਬੇਗਾਨੇ ਨਾਲ ਰਹਿੰਦੀ ਪਤਨੀ ਨੇ ਪਤੀ ਡਿਪੋਰਟ ਕਰਵਾਇਆ

ਪਟਿਆਲਾ, 10 ਜੂਨ (ਪੋਸਟ ਬਿਊਰੋ)- ਵਿਆਹ ਦੇ ਵਾਸਤੇ ਚਾਲੀ ਲੱਖ ਰੁਪਏ ਖਰਚ ਕਰ ਕੇ ਜਿਸ ਨੌਜਵਾਨ ਨੇ ਪਤਨੀ ਨੂੰ ਨਿਊਜ਼ੀਲੈਂਡ ਭੇਜਿਆ, ਉਸ ਦੇ ਲਈ ਪਹਿਲੀ ਵਾਰ ਸਭ ਠੀਕ ਰਿਹਾ, ਪਰ ਦੂਸਰੀ ਵਾਰ ਨਿਊਜ਼ੀਲੈਂਡ ਜਾ ਕੇ ਪਤਨੀ ਨੇ ਉਸ ਨੂੰ ਧੋਖਾ ਦੇ ਦਿੱਤਾ। ਪਤਨੀ ਨੇ ਕਿਸੇ ਦੂਸਰੇ ਹੋਰ ਨਾਲ ਰਹਿਣਾ ਸ਼ੁਰੂ ਕਰ ਦਿੱਤਾ ਤਾਂ ਪਤੀ-ਪਤਨੀ ਦਾ ਝਗੜਾ ਇੰਨਾ ਵਧ ਗਿਆ ਕਿ ਪਤਨੀ ਨੇ ਨਿਊਜ਼ੀਲੈਂਡ ਪੁਲਸ ਕੋਲ ਪਤੀ ਦੀ ਸ਼ਿਕਾਇਤ ਕਰ ਦਿੱਤੀ। ਉਹ ਚਾਰ ਦਿਨ ਪੁਲਸ ਹਿਰਾ-ਸਤ ਵਿੱਚ ਰਿਹਾ, ਜਿਸ ਦੇ ਬਾਅਦ ਉਸ ਨੂੰ ਭਾਰਤ ਡਿਪੋਰਟ ਕਰ ਦਿੱਤਾ ਗਿਆ। ਸੰਗਰੂਰ ਦੇ ਪਿੰਡ ਸਕਰੌਦੀ ਦੇ ਵਸਨੀਕ ਹਰਦੀਪ ਸਿੰਘ ਦੀ ਸ਼ਿਕਾਇਤ 'ਤੇ ਪੁਲਸ ਨੇ ਉਸ ਦੀ ਪਤਨੀ ਦੇ ਖਿਲਾਫ ਕੇਸ ਦਰਜ ਕੀਤਾ ਹੈ। ਹਰਦੀਪ ਸਿੰਘ ਨੇ ਦੱਸਿਆ ਕਿ ਪ੍ਰਭਨੀਤ ਕੌਰ ਨਾਲ ਪਹਿਲੀ ਵਾਰ ਉਸ ਵਕਤ ਮੁਲਾਕਾਤ ਹੋਈ, ਜਦ ਉਹ ਬੀ ਏ ਸੈਕਿੰਡ ਈਅਰ ਵਿੱਚ ਪੜ੍ਹਦੀ ਸੀ। ਪ੍ਰਭਨੀਤ ਨੇ ਮਾਤਾ-ਪਿਤਾ ਨਾਲ ਹਰਦੀਪ ਸਿੰਘ ਨੂੰ ਮਿਲਾਇਆ। ਫਰਵਰੀ 2010 ਵਿੱਚ ਦੋਵਾਂ ਦਾ ਵਿਆਹ ਹੋ ਗਿਆ ਅਤੇ ਦੋਵੇਂ ਨਿਊਜ਼ੀਲੈਂਡ ਚਲੇ ਗਏ। ਕਰੀਬ ਡੇਢ ਸਾਲ ਉਥੇ ਰਹਿਣ ਦੇ ਬਾਅਦ ਦੋਵੇਂ ਵਾਪਸ ਆ ਗਏ। ਏਥੇ ਆ ਕੇ 2014 ਨੂੰ ਪ੍ਰਭਨੀਤ ਨੇ ਬੇਟੇ ਨੂੰ ਜਨਮ ਦਿੱਤਾ ਤੇ ਮਈ 2017 ਵਿੱਚ ਦੋਵਾਂ ਨੇ ਫਿਰ ਨਿਊਜ਼ੀਲੈਂਡ ਲਈ ਅਪਲਾਈ ਕੀਤਾ ਤਾਂ ਪ੍ਰਭਨੀਤ ਕੌਰ ਦਾ ਵੀਜ਼ਾ ਲੱਗ ਗਿਆ ਤੇ ਹਰਦੀਪ ਦਾ ਨਹੀਂ ਲੱਗਾ। ਬਾਅਦ ਵਿੱਚ ਜੁਲਾਈ ਵਿੱਚ ਹਰਦੀਪ ਆਪਣੇ ਬੇਟੇ ਨਾਲ ਵਿਜੀਟਰਸ ਵੀਜ਼ਾ ਉਤੇ ਨਿਊਜ਼ੀਲੈਂਡ ਗਿਆ ਤਾਂ ਦੇਖਿਆ ਕਿ ਪ੍ਰਭਨੀਤ ਬੁਰੀ ਸੰਗਤ ਵਿੱਚ ਪੈ ਚੁੱਕੀ ਹੈ। ਦੋਵਾਂ ਦਾ ਝਗੜਾ ਹੋਣ ਲੱਗਾ। ਅਗਸਤ 2017 ਵਿੱਚ ਇੱਕ ਵਿਆਹ ਵਿੱਚ ਸ਼ਾਮਲ ਹੋਣ ਦੇ ਲਈ ਦੋਵੇਂ ਵਾਪਸ ਭਾਰਤ ਆਏ। ਵਿਆਹ ਦੇ ਬਾਅਦ ਪ੍ਰਭਨੀਤ ਪੇਕੇ ਗਈ ਤੇ ਉਥੋਂ ਬਿਨਾਂ ਦੱਸੇ ਨਿਊਜ਼ੀਲੈਂਡ ਚਲੀ ਗਈ। ਫਿਰ ਹਰਦੀਪ ਵੀ ਨਿਊਜ਼ੀਲੈਂਡ ਗਿਆ ਤਾਂ ਤਿੰਨ ਮਹੀਨੇ ਤੱਕ ਪ੍ਰਭਨੀਤ ਨਾਲ ਕੋਈ ਸੰਪਰਕ ਨਹੀਂ ਹੋਇਆ। ਉਹ ਕਿਸੇ ਹੋਰ ਦੇ ਨਾਲ ਰਹਿਣ ਲੱਗ ਪਈ ਸੀ। ਦੋਵਾਂ ਦਾ ਜਦ ਇਸ ਗੱਲ ਤੋਂ ਝਗੜਾ ਹੋਇਆ ਤਾਂ ਪ੍ਰਭਨੀਤ ਨੇ ਹਰਦੀਪ ਨੂੰ ਨਿਊਜ਼ੀਲੈਂਡ ਪੁਲਸ ਦੇ ਹਵਾਲੇ ਕਰ ਦਿੱਤਾ, ਜਿਸ ਦੇ ਬਾਅਦ ਉਸ ਨੂੰ ਭਾਰਤ ਮੁੜਨਾ ਪਿਆ। ਨਿਊ ਅਫਸਰ ਕਲੋਨੀ ਚੌਕੀ ਦੇ ਇੰਚਾਰਜ ਕਰਨੈਲ ਸਿੰਘ ਦਾ ਕਹਿਣਾ ਹੈ ਕਿ ਇਸ ਦੀ ਜਾਂਚ ਦੇ ਬਾਅਦ ਪ੍ਰਭਨੀਤ ਕੌਰ 'ਤੇ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਹੈ। ਜ਼ਰੂਰਤ ਪੈਣ ਉੱਤੇ ਨਿਊਜ਼ੀਲੈਂਡ ਪੁਲਸ ਨਾਲ ਤਾਲਮੇਲ ਕੀਤਾ ਜਾਏਗਾ।

# ਗ੍ਰੰਥੀ ਵੱਲੋਂ ਬਿਨਾਂ ਲਾਵਾਂ ਸਰਟੀਫਿਕੇਟ ਦੇਣ ਤੋਂ ਗੁਰਦੁਆਰੇ ਵਿੱਚ ਦੋ ਧਿਰਾਂ ਦਾ ਟਕਰਾਅ ਟਲਿਆ

ਮਲੋਟ, 10 ਜੂਨ (ਪੋਸਟ ਬਿਊਰੋ)- ਇਸ ਸ਼ਹਿਰ ਦੇ ਹਰਜਿੰਦਰ ਨਗਰ ਵਿਚਲੇ ਇਕ ਘਰ 'ਚ ਗੁਰਦੁਆਰੇ ਦੇ ਗ੍ਰੰਥੀ ਵੱਲੋਂ ਬਿਨਾਂ ਲਾਵਾਂ ਤੋਂ ਜਾਰੀ ਕੀਤੇ ਜਾਂਦੇ ਵਿਆਹ ਸਰਟੀਫਿਕੇਟਾਂ ਦੇ ਵਿਵਾਦ ਦੌਰਾਨ ਕੱਲ੍ਹ ਸਥਿਤੀ ਤਣਾਅ ਪੂਰਨ ਹੋ ਗਈ। ਮੌਕੇ 'ਤੇ ਮੌਜੂਦ ਪੁਲਸ ਨੇ ਸਥਿਤੀ ਸੰਭਾਲ ਲਾਈ। ਇਸ ਦੌਰਾਨ ਦਰਬਾਰ ਸਾਹਿਬ ਮੁਕਤਸਰ ਦੇ ਮੈਨੇਜਰ ਬਲਦੇਵ ਸਿੰਘ ਦੀ ਅਗਵਾਈ ਹੇਠ ਵਫਦ ਗੁਰਦੁਆਰੇ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸੱਤਾਂ ਵਿੱਚੋਂ ਪੰਜ ਸਰੂਪ ਲੈ ਗਿਆ। ਅਸਲ ਵਿੱਚ ਫਾਜ਼ਿਲਕਾ ਦੇ ਪਿੰਡ ਜੰਡਵਾਲਾ ਹੰਨੂਵੰਤਾ ਦੇ ਵਾਸੀ ਰਾਜਪਾਲ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸ਼ਿਕਾਇਤ ਕੀਤੀ ਸੀ ਕਿ ਮਲੋਟ ਦੇ ਹਰਜਿੰਦਰ ਨਗਰ ਵਿੱਚ ਇਕ ਘਰ ਵਿਚਲੇ ਗੁਰਦੁਆਰੇ ਵਿੱਚ ਘਰੋਂ ਭੱਜੇ ਲੜਕੇ ਲੜਕੀਆਂ ਨੂੰ ਬਿਨਾਂ ਲਾਵਾਂ ਤੋਂ ਮੋਟੀ ਰਕਮ ਲੈ ਕੇ ਗ੍ਰੰਥੀ ਵੱਲੋਂ ਵਿਆਹ ਸਰਟੀਫਿਕੇਟ ਦਿੱਤੇ ਜਾ ਰਹੇ ਹਨ। ਉਸ ਨੇ ਲਿਖਿਆ ਸੀ ਕਿ ਉਸ ਦੀ ਭਾਣਜੀ ਨੇ ਵੀ ਇਸੇ ਗ੍ਰੰਥੀ ਤੋਂ ਵਿਆਹ ਦਾ ਸਰਟੀਫਿਕੇਟ ਲਿਆ ਸੀ, ਜਿਸ ਪਿੱਛੋਂ ਸ਼ਿਕਾਇਤ ਅੰਮ੍ਰਿਤਸਰ ਤੋਂ ਤਖਤ ਦਮਦਮਾ ਸਾਹਿਬ ਨੂੰ ਪੜਤਾਲ ਲਈ ਭੇਜੀ ਗਈ ਸੀ। ਬੀਤੀ 25 ਮਈ ਨੂੰ ਪੰਜ ਮੈਂਬਰੀ ਵਫਦ ਗਿਆਨੀ ਭੋਲਾ ਸਿੰਘ ਦੀ ਅਗਵਾਈ ਹੇਠ ਇਸ ਗੁਰਦੁਆਰੇ ਪਹੁੰਚਿਆ ਅਤੇ ਗੁਰਦੁਆਰੇ ਦੇ ਅਗਨ ਭੇਟ ਸਰੂਪ ਸਮੇਤ ਸਾਰਾ ਰਿਕਾਰਡ ਵੇਖਿਆ ਸੀ। ਕੱਲ੍ਹ ਦਰਬਾਰ ਸਾਹਿਬ ਮੁਕਤਸਰ ਦੇ ਮੈਨੇਜਰ ਬਲਦੇਵ ਸਿੰਘ ਦੀ ਅਗਵਾਈ ਹੇਠ ਵਫਦ ਗੁਰਦੁਆਰੇ ਵਿੱਚ ਆਇਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੱਤ ਵਿੱਚੋਂ ਪੰਜ ਸਰੂਪ ਲੈ ਗਿਆ। ਮੌਕੇ 'ਤੇ ਮੌਜੂਦ ਪਰਵਾਰ ਦਾ ਕਹਿਣਾ ਸੀ ਕਿ ਗੁਰਦੁਆਰੇ ਵਿੱਚੋਂ ਸਾਰੇ ਸਰੂਪ ਦਰਬਾਰ ਸਾਹਿਬ ਪਹੁੰਚਾਏ ਜਾਣੇ ਚਾਹੀਦੇ ਹਨ, ਜੇ ਇਕ ਵੀ ਸਰੂਪ ਓਥੇ ਰਿਹਾ ਤਾਂ ਗ੍ਰੰਥੀ ਫਿਰ ਘਰੋਂ ਭੱਜੇ ਜੋੜਿਆਂ ਨੂੰ ਵਿਆਹ ਦੇ ਸਰਟੀਫਿਕੇਟ ਜਾਰੀ ਕਰ ਸਕਦਾ ਹੈ।

# ਲੋਕਾਂ ਨੇ ਇੱਕ ਡੀ ਐਸ ਪੀ ਦਾ ਕੁਟਾਪਾ ਚਾੜ੍ਹ ਦਿੱਤਾ



ਜਲੰਧਰ, 10 ਜੂਨ (ਪੋਸਟ ਬਿਊਰੋ)- ਥਾਣਾ ਰਾਮਾਮੰਡੀ ਦੇ ਇਲਾਕੇ ਰੇਲਵੇ ਵਿਹਾਰ ਵਿੱਚ ਓਦੋਂ ਹੰਗਾਮਾ ਹੋ ਗਿਆ, ਜਦੋਂ ਕੁਝ ਲੋਕਾਂ ਨੇ ਇੱਕ ਡੀ ਐਸ ਪੀ ਨਾਲ ਕੁੱਟਮਾਰ ਕਰ ਦਿੱਤੀ। ਮੁਹੱਲਾ ਵਾਸੀਆਂ ਨੇ ਪੀ ਏ ਪੀ ਵਿੱਚ ਤਾਇਨਾਤ ਡੀ ਐਸ ਪੀ ਮੁਨੀਸ਼ ਕੁਮਾਰ ਅਕਸਰ ਉਨ੍ਹਾਂ ਨੂੰ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ।

ਇਸ ਸੰਬੰਧ ਵਿੱਚ ਮੁਹੱਲਾ ਵਾਸੀਆਂ ਦਾ ਇਹ ਕਹਿਣਾ ਹੈ ਕਿ ਡੀ ਐਸ ਪੀ ਨਾਲ ਪਹਿਲਾਂ ਵੀ ਕਈ ਵਾਰ ਉਨ੍ਹਾਂ ਦਾ ਲਿਖਤੀ ਰਾਜ਼ੀਨਾਮਾ ਰਾਮਾਮੰਡੀ ਥਾਣੇ ਵਿੱਚ ਕੀਤਾ ਗਿਆ ਹੈ। ਕੱਲ੍ਹ ਇਸ ਡੀ ਐਸ ਪੀ ਨੇ ਰੇਲਵੇ ਵਿਹਾਰ ਵਿੱਚ ਰਹਿੰਦੇ ਪਤੀ-ਪਤਨੀ ਉੱਤੇ ਵਰਦੀ ਦਾ ਰੋਹਬ ਝਾੜਦਿਆਂ ਔਰਤ ਨਾਲ ਬਦਸਲੂਕੀ ਦੀ ਕੋਸ਼ਿਸ਼ ਕੀਤੀ ਅਤੇ ਗਾਲੀ ਗਲੋਚ ਕੀਤਾ। ਮੁਹੱਲਾ ਵਾਸੀਆਂ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਲੋਕਾਂ ਦਾ ਦੋਸ਼ ਹੈ ਕਿ ਉਕਤ ਡੀ ਐਸ ਪੀ ਸ਼ਰਾਬੀ ਹਾਲਤ ਵਿੱਚ ਸੀ, ਉਸ ਨੇ ਆਪਣੀ ਗੱਡੀ ਵਿੱਚੋਂ ਡੰਡਾ ਚੁੱਕ ਕੇ ਲੋਕਾਂ 'ਤੇ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਤੰਗ ਆਏ ਮੁਹੱਲਾ ਵਾਸੀਆਂ ਨੇ ਡੀ ਐਸ ਪੀ ਦਾ ਕੁਟਾਪਾ ਚਾੜ੍ਹ ਦਿੱਤਾ। ਥਾਣਾ ਰਾਮਾਮੰਡੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਹੈ। ਜ਼ਖਮੀ ਹਾਲਤ ਵਿੱਚ ਡੀ ਐਸ ਪੀ ਮੁਨੀਸ਼ ਕੁਮਾਰ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਏ ਸੀ ਪੀ ਹਰਸਿਮਰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਡੀ ਐਸ ਪੀ ਨਾਲ ਕੁੱਟਮਾਰ ਕਰਨ ਵਾਲੇ ਪਤੀ-ਪਤਨੀ ਅਤੇ ਉਨ੍ਹਾਂ ਦੇ ਪੁੱਤਰ ਖਿਲਾਫ ਮਾਮਲਾ ਦਰਦ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਜੇ ਇਸ ਮਾਮਲੇ 'ਚ ਮੁਨੀਸ਼ ਕੁਮਾਰ ਮੁਲਜ਼ਮ ਪਾਇਆ ਜਾਂਦਾ ਹੈ ਤਾਂ ਇਸ ਦੇ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ।

# ਸੋਸ਼ਲ ਮੀਡੀਆ ਉੱਤੇ ਪਤਨੀ ਨੂੰ ਦਿੱਲੀ ਦੇ ਬਜ਼ੁਰਗ ਦਾ ਦੋਸਤ ਬਣਾ ਕੇ ਬਲੈਕਮੇਲ ਕਰ ਕੇ 14 ਲੱਖ ਠੱਗੇ

ਜਗਰਾਓਂ, 10 ਜੂਨ (ਪੋਸਟ ਬਿਊਰੋ)- ਇਸ ਸ਼ਹਿਰ ਦੇ ਇੱਕ ਦੇ ਪਤੀ-ਪਤਨੀ ਨੇ ਦਿੱਲੀ ਦੇ ਇੱਕ ਆਦਮੀ ਤੋਂ ਸਾਢੇ 14 ਲੱਖ ਰੁਪਏ ਠੱਗ ਲਏ। ਪੀੜਤ ਐਨ ਐਨ ਸਿੰਘ ਦੀ ਸ਼ਿਕਾਇਤ ਉਤੇ ਪੁਲਸ ਜਾਂਚ ਦੇ ਬਾਅਦ ਸਤਿੰਦਰਪਾਲ ਵਰਮਾ ਉਰਫ ਛਿੰਦਾ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਉਸ ਦੀ ਪਤਨੀ ਫਰਾਰ ਹੈ।




ਥਾਣਾ ਸਿਟੀ ਦੇ ਇੰਚਾਰਜ ਨਿਧਾਨ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਨੇ ਦਿੱਲੀ ਦੇ ਇੱਕ ਬਜ਼ੁਰਗ ਨੂੰ ਫੇਸਬੁਕ ਉਤੇ ਦੋਸਤ ਬਣਾ ਕੇ ਜਾਲ ਵਿੱਚ ਫਸਾਇਆ ਅਤੇ ਫਿਰ ਹੌਲੀ ਹੌਲੀ ਉਸ ਤੋਂ ਪੈਸੇ ਠੱਗਣ ਲੱਗੇ। ਦੋਸ਼ੀਆਂ ਨੇ ਚਾਰ ਮਹੀਨੇ ਵਿੱਚ ਪੀੜਤ ਤੋਂ ਸਾਢੇ 14 ਲੱਖ ਰੁਪਏ ਬੈਂਕ ਦੇ ਰਾਹੀਂ ਲਏ। ਇਸ ਦਾ ਪਤਾ ਲੱਗਾ ਤਾਂ ਉਸ ਵਿਅਕਤੀ ਦੇ ਬੇਟੇ ਨੇ ਦਿੱਲੀ ਪੁਲਸ ਨੂੰ ਸ਼ਿਕਾਇਤ ਕੀਤੀ। ਪੁਲਸ ਨੇ ਜਾਂਚ ਦੇ ਬਾਅਦ ਦੋਸ਼ੀ ਜੋੜੇ ਉੱਤੇ ਕੇਸ ਦਰਜ ਕਰ ਲਿਆ।

ਦਿੱਲੀ ਪੁਲਸ ਦੇ ਦੱਸਣ ਮੁਤਾਬਕ ਦੋਸ਼ੀਆਂ ਨੇ ਗੈਂਗ ਬਣਾਇਆ ਹੋਇਆ ਹੈ, ਜੋ ਸੋਸ਼ਲ ਮੀਡੀਆ ਉੱਤੇ ਜਾਅਲੀ ਆਈ ਡੀ ਬਣਾ ਕੇ ਅਮੀਰ ਪਰਵਾਰ ਦੇ ਲੋਕਾਂ ਨੂੰ ਜਾਲ ਵਿੱਚ ਫਸਾ ਕੇ ਬਲੈਕਮੇਲ ਕਰਦੇ ਹਨ। ਉਨ੍ਹਾਂ ਨੇ ਅਜੇ ਤੱਕ ਕਿੰਨੇ ਲੋਕਾਂ ਨੂੰ ਸ਼ਿਕਾਰ ਬਣਾਇਆ ਹੈ, ਇਸ ਦੀ ਪੁੱਛਗਿੱਛ ਚੱਲ ਰਹੀ ਹੈ। ਮੁੱਢਲੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀਆਂ ਨੇ ਉਨ੍ਹਾਂ ਪੈਸਿਆਂ ਨਾਲ ਨੌਂ ਲੱਖ ਦਾ ਇੱਕ ਘਰ ਖਰੀਦਿਆ ਅਤੇ ਕੁਝ ਪੈਸੇ ਕਿਸੇ ਨੂੰ ਦਿੱਤੇ ਹਨ। ਨਿਧਾਨ ਸਿੰਘ ਨੇ ਦੱਸਿਆ ਕਿ ਦੋਸ਼ੀ ਇੰਨੇ ਚਲਾਕ ਸਨ ਕਿ ਪਹਿਲਾਂ ਪਤਨੀ ਦੀ ਸੋਸ਼ਲ ਮੀਡੀਆ 'ਤੇ ਗੱਲ ਕਰਵਾਈ। ਚੈਟਿੰਗ ਸ਼ੁਰੂ ਹੋਣ 'ਤੇ ਉਸ ਨੂੰ ਪੂਰੀ ਤਰ੍ਹਾਂ ਜਾਲ ਵਿੱਚ ਫਸਾ ਲਿਆ। ਫਿਰ ਦੋਸ਼ੀ ਪਤੀ ਨੇ ਬਜ਼ੁਰਗ ਨੂੰ ਉਸ ਦੀ ਪਤਨੀ ਨਾਲ ਗੱਲ ਕਰਨ ਦਾ ਡਰ ਦਿਖਾ ਕੇ ਰੁਪਏ ਠੱਗਣੇ ਸ਼ੁਰੂ ਕਰ ਦਿੱਤੇ। ਇਸ ਦਾ ਪਤਾ ਲੱਗਦੇ ਸਾਰ ਬੇਟੇ ਨੇ ਪਿਤਾ ਤੋਂ ਮੋਬਾਈਲ ਫੜ ਲਿਆ। ਦੋਸ਼ੀਆਂ ਨੇ ਸ਼ਨੀਵਾਰ ਫਿਰ ਉਸ ਤੋਂ ਚਾਲੀ ਹਜ਼ਾਰ ਰੁਪਏ ਮੰਗੇ ਤਾਂ ਕੱਲ੍ਹ ਦਿੱਲੀ ਪੁਲਸ ਨੇ ਜਗਰਾਓਂ ਵਿੱਚ ਛਾਪੇਮਾਰੀ ਕਰ ਦੋਸ਼ੀ ਛਿੰਦਾ ਨੂੰ ਕਾਬੂ ਕਰ ਲਿਆ। ਦੋਸ਼ੀ ਦੀ ਪਤਨੀ ਪੁਲਸ ਦੇ ਆਉਣ ਤੋਂ ਪਹਿਲਾਂ ਮੋਗਾ ਨੂੰ ਰਿਸ਼ਤੇਦਾਰੀ ਵਿੱਚ ਚਲੀ ਗਈ ਸੀ। ਉਸ ਦੀ ਗ੍ਰਿਫਤਾਰੀ ਲਈ ਪੁਲਸ ਮੋਗਾ ਵਿੱਚ ਛਾਪੇ ਮਾਰ ਰਹੀ ਹੈ। ਦੂਜੇ ਪਾਸੇ ਦੋਸ਼ੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਦਿੱਲੀ ਦੇ ਵਿਅਕਤੀ ਨਾਲ ਕੋਈ ਠੱਗੀ ਨਹੀਂ ਕੀਤੀ। ਉਸ ਦੇ ਬੇਟੇ ਨੂੰ ਗਲਤ ਫਹਿਮੀ ਹੋਈ ਹੈ। ਉਨ੍ਹਾਂ ਨੇ ਪੈਸੇ ਉਧਾਰ ਲਏ ਹਨ ਜੋ ਕਿ ਉਹ ਵਾਪਸ ਕਰ ਦੇਣਗੇ, ਉਸ ਨੂੰ ਅਤੇ ਉਸ ਦੀ ਪਤਨੀ ਨੂੰ ਫਸਾਇਆ ਜਾ ਰਿਹਾ ਹੈ।

# ਕੈਨੇਡਾ ਭੇਜਣ ਦੇ ਨਾਮ ਉਤੇ ਲੁਧਿਆਣਾ ਵਾਸੀ ਦੇ ਖਾਤੇ ਤੋਂ 4.75 ਲੱਖ ਰੁਪਏ ਕੱਢ ਲਏ

ਪੰਚਕੂਲਾ, 10 ਜੂਨ (ਪੋਸਟ ਬਿਊਰੋ)- ਕੈਨੇਡਾ ਭੇਜਣ ਦੇ ਨਾਮ ਉੱਤੇ 4.75 ਲੱਖ ਰੁਪਏ ਦੀ ਧੋਖਾਧੜੀ ਦਾ ਭੇਦ ਖੁੱਲ੍ਹਾ ਹੈ। ਡੀ ਸੀ ਪੀ ਦੇ ਹੁਕਮ ਦੇ ਬਾਅਦ ਸੈਕਟਰ-5 ਥਾਣਾ ਪੁਲਸ ਨੇ ਦੋਸ਼ੀ ਹਰਪ੍ਰੀਤ 'ਤੇ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸਿਮਰਨਜੀਤ ਸਿੰਘ ਵਾਸੀ ਸ਼ੇਖਪੁਰ ਪਿੰਡ, ਲੁਧਿਆਣਾ ਨੇ ਦੱਸਿਆ ਕਿ ਅੱਠ ਮਈ ਨੂੰ ਦੋਸ਼ੀ ਏਜੰਟ ਹਰਪ੍ਰੀਤ ਨੇ ਸਿਮਰਨਜੀਤ ਸਿੰਘ ਨੂੰ ਸੈਕਟਰ-9 ਪੰਚਕੂਲਾ ਦੇ ਪ੍ਰਾਈਵੇਟ ਰੈਸਟੋਰੈਂਟ ਵਿੱਚ ਸੱਦਿਆ ਸੀ।, ਜਿਥੇ ਦੋਸ਼ੀ ਹਰਪ੍ਰੀਤ ਨੂੰ ਸਿਮਰਨਜੀਤ ਸਿੰਘ ਅਤੇ ਉਸ ਦਾ ਭਰਾ ਬਲਜੋਤ ਸਿੰਘ ਮਿਲਣ ਗਏ। ਉਥੇ ਪਹੁੰਚਣ 'ਤੇ ਦੋਸ਼ੀ ਏਜੰਟ ਹਰਪ੍ਰੀਤ ਨੇ ਉਸ ਤੋਂ ਆਨਲਾਈਨ ਇਕ ਐਡਵੋਕੇਟ ਨੂੰ ਇਕ ਹਜ਼ਾਰ ਰੁਪਏ ਟਰਾਂਸਫਰ ਕਰਵਾਏ। ਇਸ ਦੇ ਬਾਅਦ ਏਜੰਟ ਨੇ ਉਸ ਦੇ ਭਰਾ ਬਲਜੋਤ ਸਿੰਘ ਨੂੰ 500 ਰੁਪਏ ਦਿੱਤੇ ਤੇ ਹਾਈ ਕੋਰਟ ਤੋਂ ਸਟਾਂਪ ਪੇਪਰ ਲਿਆਉਣ ਲਈ ਕਿਹਾ। ਜਦੋਂ ਉਸ ਦਾ ਭਰਾ ਹਾਈ ਕੋਰਟ ਚਲਾ ਗਿਆ ਤਾਂ ਏਜੰਟ ਨੇ ਸਿਮਰਨਜੀਤ ਸਿੰਘ ਤੋਂ ਏ ਟੀ ਐਮ ਕਾਰਡ ਮੰਗਿਆ ਅਤੇ ਮਿੰਨੀ ਸਟੇਟਮੈਂਟ ਕੱਢਣ ਦੇ ਬਹਾਨੇ ਨਾਲ ਏ ਟੀ ਐਮ ਕਾਰਡ ਦਾ ਪਿੰਨ ਨੰਬਰ ਪਤਾ ਕਰ ਲਿਆ ਤੇ ਕਿਹਾ ਕਿ ਕੈਨੇਡਾ ਭੇਜਣ ਦੀ ਫਾਈਲ ਵਿੱਚ ਇਸ ਨੂੰ ਲਾਉਣਾ ਹੈ। ਦੋਸ਼ੀ ਨੇ ਆਪਣੇ ਸਾਥੀ ਨੂੰ ਏ ਟੀ ਐਮ ਤੋਂ ਮਿੰਨੀ ਸਟੇਟਮੈਂਟ ਕੱਢਣ ਲਈ ਭੇਜ ਦਿੱਤਾ। ਇਸ ਦੇ ਬਾਅਦ ਦੋਸ਼ੀ ਨੇ ਉਸ ਦੇ ਖਾਤੇ ਤੋਂ ਇਕ ਲੱਖ 20 ਹਜ਼ਾਰ ਰੁਪਏ ਕੈਸ਼ ਕਢਵਾਏ ਅਤੇ 3.55 ਲੱਖ ਰੁਪਏ ਅਕਾਊਂਟ ਤੋਂ ਆਨਲਾਈਨ ਟਰਾਂਸਫਰ ਕਰਵਾ ਲਏ।


## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)






Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7'', Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਨੂੰ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com


YOUR AD HERE
Check our Free E-paper at:
www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5'', ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਦਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com



**ਫੋਨਾਂ ਦੇ ਸਸਤੇ ਪਲਾਨ ਗਾਰੰਟਿਡ**
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com





# ਅਖੇ ਨੱਕ ਵੀ ਰਹਿਣਾ..

-ਕੁਲਵਿੰਦਰ ਸਿੰਘ

ਗੱਲ ਕਿਸੇ ਪਿੰਡ ਦੇ ਜ਼ਿਮੀਦਾਰ ਦੀ ਹੈ, ਜਿਸ ਕੋਲ 20 ਏਕੜ ਜ਼ਮੀਨ ਹੈ। ਉਸ ਨੇ ਆਪਣੀ ਧੀ ਨੂੰ ਪੁੱਤਾਂ ਵਾਂਗ ਪੜ੍ਹਾਇਆ। ਲੜਕੀ ਦੀ ਪੜ੍ਹਾਈ ਪੂਰੀ ਹੋਈ ਤਾਂ ਉਸ ਦਾ ਰਿਸ਼ਤਾ ਬਹੁਤ ਪੜ੍ਹੇ ਲਿਖੇ ਮੁੰਡੇ ਨਾਲ ਕਰ ਦਿੱਤਾ। ਜਿਵੇਂ ਅੱਜ ਕੱਲ੍ਹ ਹੁੰਦਾ ਹੈ, ਰਿਸ਼ਤੇ ਮਗਰੋਂ ਲੜਕਾ-ਲੜਕੀ ਆਪਸ ਵਿੱਚ ਫੋਨ ਉਤੇ ਇਕ ਦੂਜੇ ਨਾਲ ਗੱਲਬਾਤ ਕਰਨਾ ਸ਼ੁਰੂ ਕਰ ਦਿੰਦੇ ਹਨ, ਇਨ੍ਹਾਂ ਵਿਚਕਾਰ ਵੀ ਇਸੇ ਤਰ੍ਹਾਂ ਹੋਇਆ। ਲੜਕੀ ਖੁਸ਼ ਸੀ ਕਿ ਉਸ ਨੂੰ ਪੜ੍ਹਿਆ ਲਿਖਿਆ, ਸੂਝਵਾਨ, ਨਸ਼ਿਆਂ ਤੋਂ ਰਹਿਤ, ਚੰਗੇ ਸੁਭਾਅ ਦਾ ਲੜਕਾ ਮਿਲ ਗਿਆ। ਉਸ ਦੇ ਸਾਰੇ ਡਰ ਦੂਰ ਹੋ ਗਏ ਸਨ।

ਵਿਆਹ ਦਾ ਸਮਾਂ ਨੇੜੇ ਆ ਰਿਹਾ ਸੀ ਤਾਂ ਲੜਕੀ ਦੇ ਪਿਓ ਨੇ ਮੁੰਡੇ ਨੂੰ ਪੁੱਛਿਆ, ਕਾਕਾ ਜੀ, ਦਾਜ ਵਿੱਚ ਕਿਹੜੀ ਗੱਡੀ ਲੈਣੀ ਹੈ? ਮੁੰਡੇ ਨੇ ਕੋਰਾ ਜਵਾਬ ਦੇ ਦਿੱਤਾ। ਲੜਕੀ ਦੇ ਪਿਓ ਨੇ ਦੁਬਾਰਾ ਕਿਹਾ, ਨਹੀਂ ਗੱਡੀ ਜ਼ਰੂਰ ਦੇਣੀ ਹੈ, ਇਸ ਕਰ ਕੇ ਉਹ ਦੱਸ ਦੇਵੇ, ਉਸ ਨੂੰ ਕਿਹੜੀ ਗੱਡੀ ਪਸੰਦ ਹੈ?

ਮੁੰਡੇ ਨੇ ਲੜਕੀ ਨਾਲ ਗੱਲ ਕੀਤੀ ਕਿ ਉਹਦੇ ਬਾਪੂ ਜੀ ਐਵੇਂ ਜ਼ਬਰਦਸਤੀ ਕਰ ਰਹੇ ਨੇ, ਉਹ ਇਸ ਸਭ ਕਾਸੇ ਦੇ ਬਹੁਤ ਖਿਲਾਫ ਹੈ, ਉਹਨੇ ਕੋਈ ਦਾਜ ਨਹੀਂ ਲੈਣਾ। ਮੁੰਡੇ ਨੇ ਲੜਕੀ ਨੂੰ ਆਪਣੇ ਪਿਤਾ ਨੂੰ ਸਮਝਾਉਣ ਲਈ ਕਿਹਾ। ਲੜਕੀ ਵੀ ਦਾਜ ਤੇ ਏਦਾਂ ਦੀਆਂ ਹੋਰ ਰੀਤਾਂ ਦੇ ਖਿਲਾਫ ਸੀ। ਉਸ ਨੇ ਆਪਣੇ ਪਿਓ ਨਾਲ ਗੱਲ ਕਰ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਇਹ ਵੀ ਕਿਹਾ ਕਿ ਜੇ ਤੁਸੀਂ ਮੇਰਾ ਵਿਆਹ ਬਿਨਾ ਦਾਜ ਤੋਂ ਕਰੋ ਤਾਂ ਤੁਹਾਨੂੰ ਦੇਖ ਕੇ ਚਾਰ ਹੋਰ ਲੋਕਾਂ ਨੂੰ ਸਿੱਖਿਆ ਮਿਲੂ। ਅੱਗੋਂ ਪਿਓ ਬੋਲਦਾ, ਮੈਂ ਧੀ ਨੂੰ ਖਾਲੀ ਹੱਥ ਕਿਵੇਂ ਤੋਰ ਦਿਆਂ? ਜੇ ਮੈਂ ਬਿਨਾ ਦਾਜ ਤੋਰ ਦਿੱਤਾ ਤਾਂ ਸ਼ਰੀਕੇ ਵਿੱਚ ਕੀ ਨੱਕ ਰਹਿ ਜਾਊ? ਲੋਕ ਕੀ ਕਹਿਣਗੇ? ਲੜਕੀ ਨੇ ਬਥੇਰਾ ਜ਼ੋਰ ਲਾਇਆ, ਪਰ ਲੜਕੀ ਦਾ ਪਿਓ ਜ਼ਿੱਦ 'ਤੇ ਅੜਿਆ ਰਿਹਾ।

ਅਖੀਰ ਜਦੋਂ ਲੜਕੀ ਦਾ ਪਿਓ ਦਾਜ ਤੇ ਗੱਡੀ ਦੇਣ ਵਾਲੀ ਗੱਲ ਕਰਨ ਤੋਂ ਨਾ ਹੀ ਹਟਿਆ ਤਾਂ ਮੁੰਡੇ ਨੇ ਸੋਚਿਆ ਕਿ ਅਜਿਹੀ ਗੱਡੀ ਦਾ ਨਾਮ ਲੈ ਲਿਆ ਜਾਵੇ ਜੋ ਇਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਵੇ। ਮੁੰਡੇ ਨੇ ਫਿਰ ਜਿਸ ਗੱਡੀ ਦਾ ਨਾਮ ਲਿਆ, ਉਸ ਦੀ ਕੀਮਤ ਤਕਰੀਬਨ 60 ਲੱਖ ਰੁਪਏ ਸੀ। ਪਹਿਲਾਂ-ਪਹਿਲ ਲੜਕੀ ਦਾ ਪਿਓ ਸੁਣ ਕੇ ਘਬਰਾ ਗਿਆ, ਫਿਰ ਨੱਕ ਰੱਖਣ ਦਾ ਮਾਰਾ ਹਰ ਹੀਲੇ ਉਹ ਗੱਡੀ ਦੇਣ ਨੂੰ ਤਿਆਰ ਹੋ ਗਿਆ, ਭਾਵੇਂ ਇਹ ਉਸ ਦੀ ਪਹੁੰਚ ਤੋਂ ਬਹੁਤ ਦੂਰ ਸੀ। ਮੁੰਡੇ ਨੂੰ ਬੜੀ ਹੈਰਾਨੀ ਹੋਈ ਤੇ ਉਸ ਦਾ ਮਨ ਬੜਾ ਦੁਖੀ ਹੋਇਆ। ਮੁੰਡਾ ਵੀ ਆਪਣੇ ਦਾਜ ਨਾ ਲੈਣ ਦੇ ਅਸੂਲ ਤੇ ਅਡੋਲ ਸੀ। ਇਸੇ ਦੌਰਾਨ ਵਿਆਹ ਦੀ ਤਰੀਕ ਰੱਖ ਲਈ ਗਈ ਤੇ ਸਾਹੇ ਦੀ ਚਿੱਠੀ ਭੇਜੀ ਗਈ।

ਉਹੀ ਗੱਲ ਹੋਈ, ਮੁੰਡੇ ਨੇ ਸਾਹੇ ਦੀ ਚਿੱਠੀ ਆਪਣੀ ਝੋਲੀ ਪਵਾਉਣ ਤੋਂ ਮਨਾ ਕਰ ਕੇ ਇਹ ਕਹਿ ਕੇ ਰਿਸ਼ਤਾ ਤੋੜ ਦਿੱਤਾ ਕਿ ਉਹਨੇ ਕੋਈ ਨਾਜਾਇਜ਼ ਗੱਲ ਨਹੀਂ ਆਖੀ, ਜੇ ਉਹਦੀ ਜਾਇਜ਼ ਗੱਲ ਦਾ ਉਹ ਪਰਵਾਰ ਸਤਿਕਾਰ ਨਹੀਂ ਕਰਦਾ ਤਾਂ ਉਹ ਅਜਿਹੇ ਘਰ ਨਾਲ ਰਿਸ਼ਤਾ ਨਹੀਂ ਜੋੜ ਸਕਦਾ। ਉਹ ਹਮੇਸ਼ਾ ਦਾਜ ਦਾ ਵਿਰੋਧੀ ਰਿਹਾ ਹੈ ਤੇ ਜੇ ਉਹੀ ਇਸ ਅੱਗੇ ਝੁਕ ਗਿਆ ਤਾਂ ਉਸ ਦੀ ਜ਼ਮੀਰ ਨੇ ਉਸ ਨੂੰ ਸਾਰੀ ਜ਼ਿੰਦਗੀ ਕੋਸਦੇ ਰਹਿਣਾ ਹੈ। ਉਹ ਹੈਰਾਨ ਸੀ ਕਿ ਲੋਕ ਆਪ ਅੱਡੀਆਂ ਚੁੱਕ ਕੇ ਫਾਹਾ ਲੈਣ ਨੂੰ ਤਿਆਰ ਨੇ। ਵਿਆਹ ਦੀ ਤਰੀਕ ਪਹਿਲਾਂ ਰੱਖੇ ਜਾਣ ਕਾਰਨ ਕਾਰਡ ਵੰਡੇ ਜਾ ਚੁੱਕੇ ਸਨ, ਇਸ ਕਰ ਕੇ ਲੜਕੀ ਦੇ ਪਿਓ ਨੇ ਆਪਣਾ ਨੱਕ ਰੱਖਣ ਲਈ ਕਾਹਲੀ ਵਿੱਚ ਸਿਰਫ ਜ਼ਮੀਨ ਜਾਇਦਾਦ ਦੇਖ ਕੇ ਹੋਰ ਮੁੰਡਾ ਲੱਭਿਆ ਤੇ ਉਸ ਤਰੀਕ ਨੂੰ ਆਪਣੀ ਲੜਕੀ ਨੂੰ ਬੜੇ ਧੂਮ ਧਾਮ ਨਾਲ ਵਿਆਹ ਕੇ ਅਤੇ ਬਹੁਤ ਸਾਰਾ ਦਾਜ ਦੇ ਕੇ ਤੋਰ ਦਿੱਤਾ।

ਥੋੜ੍ਹੇ ਦਿਨਾਂ ਬਾਅਦ ਲੜਕੀ ਨੂੰ ਪਤਾ ਲੱਗਾ ਕਿ ਉਸ ਦਾ ਪਤੀ ਨਸ਼ੇੜੀ ਹੈ। ਉਸ ਨੇ ਕੁਝ ਚਿਰ ਇਹ ਗੱਲ ਆਪਣੇ ਘਰਦਿਆਂ ਤੋਂ ਲੁਕਾਈ ਰੱਖੀ ਤੇ ਘਰ ਵਾਲੇ ਨੂੰ ਨਸ਼ੇ ਛੱਡਣ ਲਈ ਪ੍ਰੇਰਦੀ ਰਹੀ, ਪਰ ਉਸ ਨੇ ਸਮਝਣਾ ਕੀ ਸੀ, ਕੁੱਟਮਾਰ ਸ਼ੁਰੂ ਕਰ ਦਿੱਤੀ। ਅਖੀਰ ਲੜਕੀ ਪੇਕੇ ਘਰ ਚਲੀ ਗਈ ਤੇ ਸਾਰੀ ਗੱਲ ਆਪਣੇ ਪਿਓ ਨੂੰ ਦੱਸਦਿਆਂ ਰੋਂਦੀ ਕੁਰਲਾਉਂਦੀ ਨੇ ਆਪਣੇ ਬਾਪੂ ਨੂੰ ਪੁੱਛਿਆ, 'ਬਾਪੂ ਜੀ, ਆਪਣੀ ਧੀ ਨੂੰ ਦੁੱਖਾਂ ਦੀ ਭੱਠੀ 'ਚ ਝੋਕ ਕੇ ਤੁਹਾਡੇ ਨੱਕ ਦਾ ਕੀ ਹਾਲ ਹੈ?'

# ਹਲਕਾ ਫੁਲਕਾ

ਮਹਿੰਦਰ, ''ਮੈਂ ਕੱਲ੍ਹ ਦੁਕਾਨ ਤੋਂ ਕੱਪੜੇ ਧੋਣ ਵਾਲਾ ਸਾਬਣ ਲਿਆਇਆਂ। ਕੱਪੜੇ ਧੋਤੇ ਤਾਂ ਸਾਰੇ ਸੁੰਗੜ ਗਏ। ਉਹ ਬੱਚਿਆਂ ਨੂੰ ਠੀਕ ਤਰ੍ਹਾਂ ਨਹੀਂ ਆ ਰਹੇ।''

ਰਮਨ, ''ਇੰਝ ਕਰ, ਉਸੇ ਸਾਬਣ ਨਾਲ ਬੱਚਿਆਂ ਨੂੰ ਨੁਹਾ ਦੇ, ਸਭ ਠੀਕ ਹੋ ਜਾਵੇਗਾ।''

*********

ਪੱਪੂ ਖੁਦਕੁਸ਼ੀ ਕਰਨ ਰੇਲਵੇ ਪਟਾਕ 'ਤੇ ਜਾ ਰਿਹਾ ਸੀ। ਉਸ ਦੇ ਹੱਥ ਵਿੱਚ ਸਮੋਸੇ ਵੀ ਸਨ। ਉਸ ਦੇ ਦੋਸਤ ਨੇ ਪੁੱਛਿਆ, ''ਕਿੱਥੇ ਜਾ ਰਿਹਾ ਏਂ?''

ਪੱਪੂ, ''ਯਾਰ, ਖੁਦਕੁਸ਼ੀ ਕਰਨ ਜਾ ਰਿਹਾ ਹਾਂ।''

ਦੋਸਤ, ''...ਤਾਂ ਇਹ ਸਮੋਸੇ ਕਿਉਂ ਲਿਜਾ ਰਿਹਾ ਏਂ?''

ਪੱਪੂ, ''ਯਾਰ, ਜੇ ਗੱਡੀ ਲੇਟ ਹੋ ਗਈ ਤਾਂ ਭੁੱਖ ਨਾਲ ਹੀ ਨਾ ਮਰ ਜਾਵਾਂ।''

# ਲਾਸਾਨੀ ਵਿਰਸਾ-ਗੁਰੂ ਗ੍ਰੰਥ ਸਾਹਿਬ

ਪ੍ਰਿੰਸੀਪਲ ਪਾਖਰ ਸਿੰਘ ਡਰੋਲੀ

ਵਿਸ਼ਵ ਦੇ ਸਮੂਹ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਿਆਂ ਇਹ ਗੱਲ ਸਾਡੇ ਸਨਮੁੱਖ ਉੱਭਰ ਕੇ ਆਉਂਦੀ ਹੈ ਕਿ ਯੁਗੋ ਯੁਗ ਅਟੱਲ ਸ਼੍ਰੀ ਗੁਰੂ ਗ੍ਰੰਥ ਨੂੰ ਅਧਿਆਤਮਕ ਖੇਤਰ ਵਿੱਚ ਸਿਰਮੌਰ ਸਥਾਨ ਪ੍ਰਾਪਤ ਹੈ।ਇਹ ਇੱਕ ਇਹੋ ਜਿਹਾ ਮਹਾਨਤਮ, ਮੁਤਬੱਰਕ ਤੇ ਸਰਬ ਸ਼੍ਰੇਸ਼ਟ ਵਿਲੱਖਣ ਗ੍ਰੰਥ ਹੈ,ਜੋ ਕੇਵਲ ਇੱਕ ਵਰਗ,ਇੱਕ ਦੇਸ਼ ਜਾਂ ਇੱਕ ਕੌਮ ਦੀ ਰਹਿਨੁਮਾਈ ਨਹੀਂ ਕਰਦਾ ਸਗੋਂ ਸਮੁੱਚੀ ਇਨਸਾਨੀਅਤ ਦਾ ਪੱਥ ਪ੍ਰਦਰਸ਼ਕ ਹੈ।ਪ੍ਰਮਾਣਿਕਤਾ ਦੇ ਪੱਖ ਤੋਂ ਇਸ ਵਿੱਚ ਵਿਲੱਖਣਤਾ ਹੈ ਕਿ ਇਸ ਦੀ ਰਚਨਾਂ ਗੁਰੂ ਸਾਹਿਬ ਨੇਂ ਖੁਦ ਆਪਣੇਂ ਜੀਵਨ ਕਾਲ ਦੌਰਾਨ ਕੀਤੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਇੱਕ ਅਹਿਮ ਗੱਲ ਹੈ ਕਿ ਇਸ ਵਿੱਚ ਗੁਰੂ ਸਾਹਿਬਾਨ ਦੀ ਆਪਣੀਂ ਬਾਣੀਂ ਹੀ ਸ਼ਾਮਿਲ ਨਹੀਂ ਸਗੋਂ ਬਾਣੀਂ ਸ਼ਾਮਿਲ ਕਰਨ ਸਮੇਂ ਦੂਰ ਦ੍ਰਿਸ਼ਟੀ ਦੇ ਮਾਲਕ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਕਿਸੇ ਬਾਣੀਕਾਰ ਦੀ ਜਾਤ,ਖਿੱਤਾ,ਕਿੱਤਾ,ਰੰਗ,ਨਸਲ ਜਾਂ ਬੋਲੀ ਨੂੰ ਦ੍ਰਿਸ਼ਟੀਗੋਚਰ ਨਹੀਂ ਰਖਿੱਆ ਸਗੋਂ ਗੁਰਮਤਿ ਫਲਸਫਾ ਤੇ ਮਾਨਵਤਾ ਦੇ ਕਲਿਆਣ ਨੂੰ ਮੁੱਖ ਰੱਖਕੇ ਬਾਣੀਂ ਦੀ ਚੋਣ ਕੀਤੀ।ਕਾਬਲੇ ਜਿਕਰ ਹੇ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 36 ਮਹਾਂ ਪੁਰਖਾਂ ਦੀ ਬਾਣੀਂ ਦਰਜ ਹੈ।ਇਹਨਾਂ ਬਾਣੀਕਾਰਾਂ ਦੀ ਬਾਣੀਂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਗੁਰੂ ਸਾਹਿਬ ਨੇਂ ਇਹ ਸਿੱਧ ਕਰ ਕੇ ਵਿਖਾਇਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਵਿਰਤੀ ਅਸੰਪਰਦਾਇਕ ਤੇ ਅਰਸ਼ੀ ਬਾਣੀਂ ਸਰਬ ਮਾਨਵ ਕਲਿਆਣਕਾਰੀ ਹੈ।ਗੱਲ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮੁੱਚੀ ਮਾਨਵਤਾ ਨੂੰ ਇੱਕ ਲੜੀ ਵਿੱਚ ਪਰੋਣ ਤੇ ਗਲਵੱਕੜੀ ਪਾਉਣ ਦਾ ਪੈਗਾਮ ਉੱਭਰਵਾਂ ਹੈ।

ਮਾਨਵ ਏਕਤਾ ਦੇ ਪ੍ਰਤੀਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੀ ਬਾਣੀਂ ਨੂੰ ਤਰਤੀਬ ਦੇ ਕੇ ਸੰਕਲਿਤ ਕਰਨ ਦਾ ਕਾਰਜ ਬਹੁਤ ਗੁੰਝਲਦਾਰ ਤੇ ਜੋਖਮ ਭਰਪੂਰ ਸੀ।ਮਾਨਵ ਹਿਤੈਸ਼ੀ ਅਤੇ ਪਾਵਨ ਬੀੜ ਦੇ ਸੰਪਾਦਕ ਵਜੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਇਸ ਕਾਰਜ ਨੂੰ ਨੇਪੜੇ ਚਾੜ ਕੇ ਆਪਣੀਂ ਦੂਰ ਦ੍ਰਿਸ਼ਟਤਾ,ਪ੍ਰਬੀਨਤਾ ਅਤੇ ਵਿਦਵਤਾ ਦਾ ਪ੍ਰਮਾਣ ਦਿੱਤਾ। ਪਾਵਨ ਬੀੜ ਦੇ ਸਪੰਾਦਕ ਵਜੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਇਸ ਮਹਾਨ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। 31 ਰਾਗਾਂ ਵਿੱਚ 5894 ਸ਼ਬਦਾਂ ਤੇ ਅਧਾਰਿਤ ਇਹ ਪਾਵਨ ਗ੍ਰੰਥ ਸੰਸਾਰ ਦੇ ਸਾਰੇ ਧਾਰਮਿਕ ਗ੍ਰੰਥਾਂ ਨਾਲੋਂ ਵੱਡਾ ਹੈ ਅਤੇ ਇਸ ਦੇ 1430 ਪੰਨੇ ਹਨ।ਨਿਰੰਤਰ ਤਿੰਨ ਸਾਲ ਤੋਂ ਵੱਧ ਸਮੇਂ ਦੀ ਘਾਲਣਾਂ ਉਪਰੰਤ ਇਸ ਦੀ ਸੰਪਾਦਨਾਂ 1604 ਈਸਵੀ ਵਿੱਚ ਮੁਕੰਮਲ ਹੋਈ।ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਤੇ ਇੱਕ ਤੰਬੂ ਲਗਾਇਆ ਤੇ ਗੁਰਬਾਣੀਂ ਅੰਕਿਤ ਕੀਤੀ ਜਾਣ ਲੱਗੀ।ਸ਼੍ਰੀ ਗੁਰੂ ਅਰਜਨ ਦੇਵ ਜੀ ਬਾਣੀਂ ਉਚਾਰਦੇ ਸਨ ਤੇ ਸਿੱਖ ਧਰਮ ਦੇ ਪ੍ਰਸਿੱਧ ਵਿਆਖਿਆਕਾਰ ਤੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਲਿਪੀਬੱਧ ਕਰਦੇ ਸਨ।ਲਿਖਾਰੀ ਭਾਈ ਗੁਰਦਾਸ ਜੀ ਨੇਂ ਸੱਭ ਤੋਂ ਪਹਿਲਾਂ ਮੂਲ ਮੰਤਰ ਤੇ ਫਿਰ ਜਪੁਜੀ ਸਾਹਿਬ ਦੀ ਬਾਣੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾੜ੍ਹੀ।

ਇਸ ਉਪਰੰਤ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸਿਰੀ ਰਾਗ ਵਿੱਚ ਉਚਾਰਿਆ ਪਹਿਲਾ ਸ਼ਬਦ ਲਿਪੀਬੱਧ ਕੀਤਾ ਗਿਆ।ਉਪਰੰਤ ਇਸ ਤਰ੍ਹਾਂ 1430 ਸਫਿਆ ਉੱਤੇ ਬਾਕੀ ਬਾਣੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾੜ੍ਹੀ ਗਈ ਤੇ ਰਾਗਮਾਲਾ ਤੋਂ ਪਹਿਲਾਂ ਮੁੰਦਾਵਣੀਂ ਦਾ ਸ਼ਬਦ ਅੰਕਿਤ ਕਰਕੇ ਮੋਹਰ ਲਗਾ ਦਿੱਤੀ।

॥ ਥਾਲ ਵਿਚੀ ਤਿੰਨਿ ਵਸਤੂ ਪਈਓ ਸਤੁ ਸੰਤੋਖ ਵਿਚਾਰੋ॥
ਅੰਮ੍ਰਿਤ ਨਾਮ ਠਾਕਰੁ ਕਾ ਪਇਓ ਜਿਸ ਕਾ ਸਬਸ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੂੰਚੇ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤੁ ਨਿਤੁ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥

ਸ਼ੁਕਰਾਨੇ ਵਜੋਂ ਪਰਮੇਸ਼ਵਰ ਦਾ ਧੰਨਵਾਦ ਕਰਦਿਆਂ ਮੁੰਦਾਵਣੀਂ ਦੇ ਨਾਲ ਇਹ ਸ਼ਬਦ ਵੀ ਅੰਕਿਤ ਕੀਤਾ ਗਿਆ ਹੈ:-


ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈਂ ਨਿਰਗੁਣਿਆਰੇ ਕੋ ਗੁਣੁ ਨਾਹੀਂ ਆਪੇ ਤਰਸ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣ ਮਿਲਿਆ ॥
ਨਾਨਕ ਨਾਮ ਮਿਲੇ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥

(ਆਦਿ ਗ੍ਰੰਥ ਪੰਨਾ 1429)।ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰੂ ਜੀ ਨੇਂ ਇਹ ਸਾਰੀ ਬਾਣੀਂ ਕਿੱਥੋਂ ਪ੍ਰਾਪਤ ਕੀਤੀ।ਉੱਤਰ ਸਪਸ਼ਟ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇਂ ਆਪਣੇਂ ਜੀਵਨ ਕਾਲ ਦੌਰਾਨ ਪ੍ਰਚਾਰ ਹਿੱਤ ਬਹੁਤ ਯਾਤਰਾ ਕੀਤੀ।ਇਹਨਾਂ ਪ੍ਰਚਾਰਕ ਦੌਰਿਆਂ ਦੌਰਾਨ ਆਪ ਨੇਂ ਦੁਨੀਆਂ ਦੇ ਵੱਖ-ਵੱਖ ਇਲਾਕਿਆਂ ਦੇ ਵੱਖ-ਵੱਖ ਸੰਤਾਂ,ਰਿਸ਼ੀਆਂ ਮੁਨੀਆਂ,ਸਿੱਧਾਂ ਤੇ ਭਗਤਾਂ ਨਾਲ ਗੋਸ਼ਟੀਆਂ ਕੀਤੀਆਂ ਤੇ ਜੋ ਬਾਣੀਂ ਗੁਰੂ ਆਸ਼ੇ ਨਾਲ ਮੇਲ ਖਾਂਦੀ ਸੀ ਕਿ ਇੱਕ ਪੋਥੀ ਵਿੱਚ ਇਕੱਤਰ ਕਰਦੇ ਰਹੇ।ਅਕਾਲਪੁਰਖ ਵਲੋਂ ਨਾਜ਼ੁਲ ਬਾਣੀਂ ਵੀ ਇਸ ਪੋਥੀ ਵਿੱਚ ਸੰਭਾਲਦੇ ਰਹੇ।ਇਤਿਹਾਸ ਗਵਾਹ ਹੈ ਕਿ ਗੁਰਗੱਦੀ ਸੌਂਪੀ ਜਾਂਦੀ ਰਹੀ ਤੇ ਹਰ ਗੁਰੂ ਆਪਣੀ ਬਾਣੀਂ ਵਿੱਚ ਹੋਰ ਵਾਧਿਆਂ ਸਮੇਤ ਉੱਤਰਾਧਿਕਾਰੀ ਨੂੰ ਸੌਂਪਦਾ ਰਿਹਾ।ਇਸ ਗੱਲ ਦੀ ਪੁਸ਼ਟੀ ਬਾਬਾ ਸੁੰਦਰ ਜੀ ਵਲੋਂ ਰਾਮਕਲੀ ਸਦ ਵਿੱਚ ਉਚਾਰੇ ਇਸ ਸ਼ਬਦ ਤੋਂ ਹੋ ਜਾਂਦੀ ਹੈ:ਰਾਮਦਾਸ ਸੋਢੀ ਤਿਲਕੁ ਦੀਆ ਗੁਰਸਬਦ ਸਚੁ ਨਿਸਾਣ ॥ ( ਗੁ: ਗ੍ਰੰਥ ਪੰਨਾ 923 )

ਇਉਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਆਪਣੀ ਬਾਣੀ ਤੇ ਪਹਿਲੇ ਗੁਰੂ ਸਾਹਿਬਾਨ ਵਲੋਂ ਸੌਂਪੀ ਪੋਥੀ ਵਿੱਚ ਅੰਕਿਤ ਬਾਣੀ ਨੂੰ ਜਾਗਦੀ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਦਰਯੋਗ ਸਥਾਨ ਦਿੱਤਾ।ਰਹੀ ਗੱਲ ਨੌਂਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾਰੇ ਇਹ ਬਾਣੀਂ ਸ਼੍ਰੀ ਗੁਰੂ ਗੋਬਿੰਦ ਸਿੰਘ ਨੇਂ ਭਾਈ ਮਨੀਂ ਸਿੰਘ ਪਾਸੋਂ ਬੀੜ ਵਿੱਚ ਚੜ੍ਹਾਈ।ਇਉਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇਂ ਨਾਂਦੇੜ ਵਿੱਚ 1765 ਕੱਤਕ ਸਦੀ ਦੂਜ (ਸੰਨ 1708 ਈ:) ਦੇ ਦਿਨ ਖਾਲਸਾ ਪੰਥ ਨੂੰ ਜੁਗੋ ਜੁਗ ਅਟਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੀ ਸੌਂਪਣਾਂ ਕੀਤੀ।ਸੱਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ ।ਗੁਰੂ ਗ੍ਰੰਥ ਕੋ ਮਾਨਿਉ ਪ੍ਰਗਟ ਗੁਰਾਂ ਕੀ ਦੇਹ । ਜੋ ਪ੍ਰਭੁ ਕੋ ਮਿਲਬੋ ਚਾਹੈ ਖੋਜੁ ਸ਼ਬਦ ਮੈ ਲੇਹ । (ਪੰਥ ਪ੍ਰਕਾਸ਼) ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀਂ ਸ਼ਾਮਿਲ ਕਰਨ ਲੱਗਿਆਂ ਕਿਸ ਕਸਵੱਟੀ ਨੂੰ ਆਧਾਰ ਬਣਾਇਆ।ਇਸ ਦਾ ਉੱਤਰ ਇਹ ਹੈ ਕਿ ਕੇਵਲ ਉਹ ਬਾਣੀਂ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ ਗਈ ਜੋ ਗੁਰਮਤਿ ਦੀ ਕਸਵੱਟੀ ਤੇ ਪੂਰੀ ਉੱਤਰਦੀ ਸੀ। ਲਾਹੌਰ ਸ਼ਹਿਰ ਵਿੱਚ ਰਹਿੰਦੇ ਚਾਰ ਭਗਤਾਂ ਛੱਜੂ,ਕਾਹਨਾਂ,ਪੀਲੂ ਤੇ ਸ਼ਾਹ ਹੁਸੈਨ ਦੀ ਬਾਣੀ ਨੂੰ ਸਵੀਕਾਰਿਆ ਨਹੀਂ ਗਿਆ।ਪਾਵਨ ਬੀੜ ਦੇ ਪਹਿਲੇ ਪ੍ਰਕਾਸ਼ ਲਈ 16 ਅਗਸਤ 1604 ਈਸਵੀ ਦਾ ਸ਼ੁੱਭ ਦਿਹਾੜਾ ਚੁਣਿਆ ਗਿਆ ਤੇ ਪ੍ਰਕਾਸ਼ ਸਥਾਨ ਚੁਣਿਆ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ।ਇਸ ਸ਼ੁੱਭ ਦਿਨ ਸ਼ਰਧਾਲੂ ਦੂਰ ਦੁਰਾਡੇ ਤੋਂ ਵਹੀਰਾਂ ਘੱਤ ਕੇ ਅੰਮ੍ਰਿਤ ਵੇਲੇ ਹੀ ਸ਼੍ਰੀ ਅੰਮ੍ਰਿਤਸਰ ਪੁੱਜ ਗਏ।ਸ਼ਰਧਾਲੂਆਂ ਵਿੱਚ ਅਥਾਹ ਜੋਸ਼,ਉਤਸ਼ਾਹ ਤੇ ਇਹਤਰਾਮ ਸੀ।ਰਾਮਸਰ ਦੇ ਸਥਾਨ ਤੋਂ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਕਰਨ ਲਈ ਬਜੁਰਗ ਸਿੱਖ ਬਾਬਾ ਬੁੱਢਾ ਜੀ ਦੇ ਸਿਰ ਤੇ ਬੀੜ ਸ਼ਸ਼ੋਭਤ ਸੀ।ਸਿੱਖ ਧਰਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇਂ ਅੱਗੇ-ਅੱਗੇ ਜਲ ਛਿੜਕਣ ਦੀ ਸੇਵਾ ਨਿਭਾਈ ਤੇ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਬੰਨੋ ਜੀ ਪੱਗ ਦੇ ਪੱਲੂ ਨਾਲ ਰਸਤਾ ਸਾਫ ਕਰ ਰਹੇ ਸਨ।ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਚੌਰ ਸਾਹਿਬ ਦੀ ਸੇਵਾ ਨਿਭਾਈ।ਇਸ ਸ਼ੁੱਭ ਅਵਸਰ ਤੇ ਲੱਖਾਂ ਦੀ ਗਿਣਤੀਂ ਵਿੱਚ ਸੰਗਤਾਂ ਮਹਾਰਾਜ ਦੀ ਸਵਾਰੀ ਪਿੱਛੇ ਨੰਗੇ ਪੈਰੀਂ ਤੁਰ ਰਹੀਆਂ ਸਨ।ਪ੍ਰਥਮ ਗ੍ਰੰਥੀ ਬਾਬਾ ਬੁੱਢਾ ਜੀ ਨੇਂ ਪਵਿੱਤਰ ਵਾਕ ਲਿਆ।ਅਰਸ਼ੀ ਫੁਰਮਾਣ ਸੀ:

ਸੰਤਾ ਕੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਰਚਾਇਆ ॥
ਸਗਲ ਮਨੋਰਥ ਪੂਰੇ ॥
ਜੈ ਜੈ ਕਾਰ ਭਇਆ ਜਗ ਅੰਤਰਿ ਲਾਥੈ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮ ਧਿਆਇਆ ॥ (ਪੰਨਾ 783)

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਲਾਹੀ ਬਾਣੀਂ ਸਾਡਾ ਬਹੁ ਪੱਖੀ ਮਾਰਗ ਦਰਸ਼ਨ ਕਰਦੀ ਹੈ।ਨਿਰਸੰਦੇਹ ਧੁਰ ਕੀ ਬਾਣੀਂ ਸੰਸਾਰ ਦੇ ਹਰ ਬਸ਼ਰ ਦੀ ਅਧਿਆਤਮਕ ਰਹਿਨੁਮਾਈ ਕਰਦੀ ਹੈ।ਪ੍ਰੰਤੂ ਇਸਦੇ ਨਾਲ ਨਾਲ ਹਰ ਪ੍ਰਾਣੀਂ ਨੂੰ ਇੱਕ ਆਦਰਸ਼ ਮਾਨਵ ਬਣਨ ਦੀ ਪ੍ਰੇਰਣਾਂ ਵੀ ਮਿਲਦੀ ਹੈ।ਗੁਰੂ ਬਾਣੀਂ ਅਨੁਸਾਰ ਹਰ ਪ੍ਰਾਣੀ ਵਿੱਚ ਹਮਦਰਦੀ,ਨਿਆਂ,ਨੇਕ ਸੋਚਣੀਂ, ਤਰਸ,ਸੰਤੋਖ,ਨਿਰਮਲ ਬੁੱਧ,ਇੰਦਰੀਆਂ ਦੀ ਪਵਿੱਤਰਤਾ,ਆਜ਼ਜ਼ੀ,ਨਿਸ਼ਕਾਮ ਸੇਵਾ, ਸ਼ੀਰੀ ਜ਼ੁਬਾਨ,ਖਾਕਸਾਰੀ,ਨਿਮਰਤਾ,ਦਸਾਂ ਨਹੁੰਆਂ ਦੀ ਕਿਰਤ ਕਰਨੀਂ ਤੇ ਲੋੜਵੰਦਾਂ ਤੇ ਰੋਗੀਆਂ ਦੀ ਸਹਾਇਤਾ ਕਰਨ ਦੇ ਮਾਨਵੀ ਗੁਣ ਹੋਣੇਂ ਅਤੀ ਲੁੜੀਂਦੇ ਹਨ।ਵਾਸਤਵ ਵਿੱਚ ਸੱਚਾ ਸਿੱਖ ਉਹੀ ਹੈ ਜੋ ਸੰਸਾਰ ਰੂਪੀ ਵਿਹੜੇ ਵਿੱਚ ਮਾਨਵਵਾਦੀ ਵਿਚਾਰਾਂ ਦਾ ਧਾਰਨੀ ਹੋਵੇ ਅਤੇ ਉਸਦੀ ਕਥਨੀਂ ਤੇ ਕਰਨੀਂ ਵਿੱਚ ਕੋਈ ਅੰਤਰ ਨਾਂ ਹੋਵੇ।ਗੁਰੂ ਬਾਣੀਂ ਸਾਨੂੰ ਭੁੱਲ ਭੁੱਲਈਆਂ ਤੇ ਪੇਚੀਦੇ ਮਾਰਗਾਂ ਤੇ ਨਹੀਂ ਲਾਉਂਦੀ ਸਗੋਂ ਹਾਈਵੇ ਜਾਂ ਗਾਡੀ ਰਾਹ ਤੇ ਪਾ ਕੇ " ਲੋਕ ਸੁਖੀ ਪਰਲੋਕ ਸੁਹੇਲੇ" ਦੀ ਜੀਵਨ ਜਾਂਚ ਸਿਖਾਉਂਦੀ ਹੈ।




HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
◦ General Labour
◦ Machine Operators
◦ Millwright's
◦ Forklift Driver
◦ AZ-DZ Drivers
◦ Machine Mechanic
◦ Shift Supervisor
◦ Office Admin
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਭਾਰਤ ਕਈ ਅੜਚਨਾਂ ਕਾਰਨ ਨਹੀਂ ਬਣ ਸਕਦਾ ਹਿੰਦੂ ਰਾਸ਼ਟਰ

-ਆਕਾਰ ਪਟੇਲ-



2019 ਦੀਆਂ ਲੋਕ ਸਭਾ ਚੋਣਾਂ ਦੀ ਉਡੀਕ ਕਰ ਰਹੇ ਲੋਕਾਂ ਦੀ ਇਕ ਚਿੰਤਾ 'ਹਿੰਦੂ ਰਾਸ਼ਟਰ' ਦੀ ਹੈ। ਇਹ ਇੱਕ ਅਜਿਹੀ ਧਾਰਨਾ ਹੈ, ਜੋ ਭਾਰਤ ਨੂੰ ਮੌਜੂਦਾ ਸੰਵਿਧਾਨ, ਜੋ ਧਾਰਮਿਕ ਨਹੀਂ ਹੈ, ਤੋਂ ਧਾਰਮਿਕ ਵੱਲ ਨੂੰ ਲੈ ਜਾਵੇਗੀ। ਇਹ ਭਾਰਤ ਨੂੰ ਜ਼ਿਆਦਾ ਹਿੰਦੂ ਜਾਂ ਪੂਰੀ ਤਰ੍ਹਾਂ ਹਿੰਦੂ ਦੇਸ਼ ਬਣਾ ਦੇਵੇਗੀ। ਕੁਝ ਲੋਕਾਂ ਦੀ ਸੋਚ ਹੈ ਕਿ ਜੇ ਭਾਰਤੀ ਜਨਤਾ ਪਾਰਟੀ ਦੁਬਾਰਾ ਮੁਕੰਮਲ ਬਹੁਮਤ ਨਾਲ ਸੱਤਾ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੰਵਿਧਾਨ 'ਚ ਕੁਝ ਅਜਿਹੇ ਤੱਤ ਜੋੜਨ ਦੀ ਹਿੰਮਤ ਮਿਲੇਗੀ, ਜੋ ਦੇਸ਼ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਂਦੇ ਹੋਣ। ਮੈਨੂੰ ਨਹੀਂ ਲੱਗਦਾ ਕਿ ਇਹ ਸੰਭਵ ਹੋਵੇਗਾ। ਇਹ ਕਿਉਂ ਸੰਭਵ ਨਹੀਂ ਹੋਵੇਗਾ, ਮੈਂ ਉਸ ਦੀ ਵਿਆਖਿਆ ਕਰਦਾ ਹਾਂ।

ਮੈਂ ਆਪਣੀ ਗੱਲ ਇਥੋਂ ਸ਼ੁਰੂ ਕਰਨੀ ਚਾਹਾਂਗਾ ਕਿ ਨਿੱਜੀ ਅਧਿਕਾਰਾਂ ਦੇ ਪੱਖ ਤੋਂ ਇਸ ਗੱਲ ਦਾ ਕੋਈ ਖਾਸ ਫਰਕ ਨਹੀਂ ਪੈਂਦਾ ਕਿ ਕਿਹੜੀ ਪਾਰਟੀ ਦੇਸ਼ ਵਿੱਚ ਰਾਜ ਕਰ ਰਹੀ ਹੈ। ਮੈਂ ਜਿਸ ਸੰਗਠਨ ਦਾ ਹਿਸਾ ਰਿਹਾ ਹਾਂ, ਉਸ ਨੇ ਜੰਮੂ-ਕਸ਼ਮੀਰ 'ਚ ਦਹਾਕਿਆਂ ਤੱਕ ਕੰਮ ਕੀਤਾ ਹੈ ਤੇ ਤਾਕਤ ਦੀ ਲੋੜ ਤੋਂ ਵੱਧ ਵਰਤੋਂ ਅਤੇ ਫੌਜ ਲਈ ਸਜ਼ਾ ਦੀ ਘਾਟ ਅਜਿਹੀ ਚੀਜ਼ ਨਹੀਂ ਹੈ, ਜੋ ਹਾਲ ਹੀ ਵਿੱਚ ਵਾਪਰੀ ਹੋਵੇ ਅਤੇ ਨਾ ਹੀ ਉਹ ਇਸ ਸਰਕਾਰ ਦੀ ਦੇਣ ਹੈ। ਇਸੇ ਤਰ੍ਹਾਂ ਅਫਸਪਾ, ਉਹ ਕਾਨੂੰਨ ਜੋ ਫੌਜ ਨੂੰ ਸਾਡੀਆਂ ਅਦਾਲਤਾਂ ਵਿੱਚ ਮੁਕੱਦਮੇਬਾਜ਼ੀ ਤੋਂ ਬਚਾਉਂਦਾ ਹੈ, ਮੌਜੂਦਾ ਭਾਜਪਾ ਸਰਕਾਰ ਦੀ ਦੇਣ ਨਹੀਂ ਹੈ। ਸਰਕਾਰ ਵੱਲੋਂ ਦਮਨ ਪੁਰਾਣੀ ਗੱਲ ਹੈ।

ਭਾਰਤ ਦੇ ਕਮਜ਼ੋਰ ਤਬਕੇ, ਭਾਵੇਂ ਉਹ ਦਲਿਤ ਹੋਣ ਜਾਂ ਆਦੀਵਾਸੀ, ਮੁਸਲਿਮ ਹੋਣ ਜਾਂ ਹੋਰ ਘੱਟ-ਗਿਣਤੀ, ਦੇ ਅਧਿਕਾਰਾਂ ਨਾਲ ਸੰਬੰਧਤ ਕੋਈ ਵੀ ਮਸਲਾ ਨਵਾਂ ਨਹੀਂ। ਸਿਰਫ ਇੱਕ ਚੀਜ਼, ਜੋ ਇਸ ਸਰਕਾਰ ਦੀਆਂ ਨੀਤੀਆਂ ਕਾਰਨ ਜੁੜੀ ਹੈ, ਉਹ ਹੈ ਭੀੜ ਆਧਾਰਤ ਲਿੰਚਿੰਗ ਦੀ ਮਹਾਮਾਰੀ, ਪਰ ਇਸ ਤੋਂ ਇਲਾਵਾ ਹੋਰਨਾਂ ਚੀਜ਼ਾਂ ਵਿੱਚ ਕੋਈ ਬਦਲਾਅ ਨਹੀਂ ਹੈ। ਦੂਜਾ, ਕਿਸੇ ਵੀ ਉਸ ਵਿਅਕਤੀ ਵਾਂਗ, ਜੋ ਪਾਕਿਸਤਾਨ ਗਿਆ ਹੋਵੇ ਅਤੇ ਜਿਸ ਨੇ ਕਈ ਸਾਲਾਂ ਤੱਕ ਉਸ ਨੂੰ ਸਮਝਿਆ ਹੋਵੇ, ਮੈਂ ਇਹ ਕਹਿ ਸਕਦਾ ਹਾਂ ਕਿ ਕਿਸੇ ਵਿਅਕਤੀ ਲਈ 'ਧਾਰਮਿਕ' ਰਾਜ ਜਾਂ 'ਧਰਮ ਨਿਰਪੱਖ' ਰਾਜ ਦੇ ਜੀਵਨ 'ਚ ਜ਼ਿਆਦਾ ਫਰਕ ਨਹੀਂ ਹੈ। ਇਹ ਸਹੀ ਹੈ ਕਿ ਪਾਕਿਸਤਾਨ ਵਿੱਚ ਕੁਝ ਕਾਨੂੰਨ ਜਾਣਬੁੱਝ ਕੇ ਘੱਟ-ਗਿਣਤੀਆਂ ਲਈ ਵਿਤਕਰੇ ਵਾਲੇ ਬਣਾਏ ਗਏ ਹਨ। ਮਿਸਾਲ ਲਈ ਉਥੋਂ ਦਾ ਸੰਵਿਧਾਨ ਕਿਸੇ ਵੀ ਗੈਰ ਮੁਸਲਿਮ ਨੂੰ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਨ ਤੋਂ ਰੋਕਦਾ ਹੈ। ਇਸ ਤੋਂ ਇਲਾਵਾ ਮੁਸਲਿਮ ਫਿਰਕੇ 'ਚ ਅਹਿਮਦੀਆ ਫਿਰਕੇ ਨੂੰ ਆਜ਼ਾਦ ਤੌਰ 'ਤੇ ਆਪਣੀਆਂ ਧਾਰਮਿਕ ਰਸਮਾਂ ਆਯੋਜਤ ਕਰਨ ਦੀ ਇਜਾਜ਼ਤ ਨਹੀਂ ਹੈ, ਪਰ ਬਾਕੀ ਸਾਰੀਆਂ ਚੀਜ਼ਾਂ ਭਾਰਤ ਵਾਂਗ ਹੀ ਹਨ। ਪਾਕਿਸਤਾਨ 'ਚ ਘੱਟ-ਗਿਣਤੀਆਂ ਦੀ ਗਿਣਤੀ ਘੱਟ ਹੈ, ਪਰ ਉਨ੍ਹਾਂ ਵਿੱਚ ਵੀ ਉਸੇ ਤਰ੍ਹਾਂ ਨਾਲ ਅਸੁਰੱਖਿਆ ਦੀ ਭਾਵਨਾ ਹੈ, ਜਿਸ ਤਰ੍ਹਾਂ ਭਾਰਤ ਦੇ ਘੱਟ-ਗਿਣਤੀਆਂ 'ਚ।

ਆਓ, ਇਸ ਗੱਲ 'ਤੇ ਚਰਚਾ ਕਰੀਏ ਕਿ ਹਿੰਦੂ ਰਾਸ਼ਟਰ ਦਾ ਕੀ ਮਤਲਬ ਹੈ? ਇਸ 'ਚ ਇਥੇ ਦੋ ਤੱਤ ਹਨ, ਠੀਕ ਉਸੇ ਤਰ੍ਹਾਂ ਜਿਵੇਂ ਕਿਸੇ ਧਾਰਮਿਕ ਜਾਂ ਧਰਮ-ਤੰਤਰੀ ਦੇਸ਼ ਵਿੱਚ ਹੁੰਦੇ ਹਨ। ਪਹਿਲਾ ਇਹ ਕਿ ਧਰਮ ਦੀਆਂ ਕਦਰਾਂ-ਕੀਮਤਾਂ ਤੇ ਇਸ ਦਾ ਸੱਭਿਆਚਾਰ ਕਾਨੂੰਨ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ। ਮਿਸਾਲ ਵਜੋਂ ਕੁਝ ਮੁਸਲਿਮ ਦੇਸ਼ਾਂ 'ਚ ਸ਼ਰਾਬ 'ਤੇ ਪਾਬੰਦੀ ਹੈ ਅਤੇ ਰਮਜ਼ਾਨ ਦੇ ਮਹੀਨੇ 'ਚ ਲੋਕਾਂ ਨੂੰ ਦਿਨ ਵਿੱਚ ਆਪਣੇ ਰੈਸਟੋਰੈਂਟ ਬੰਦ ਕਰਨ 'ਤੇ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਕੁਝ ਚੀਜ਼ਾਂ ਭਾਰਤ 'ਚ ਪਹਿਲਾਂ ਤੋਂ ਹਨ। ਸਾਡੇ ਕਾਨੂੰਨਾਂ 'ਚ ਸ਼ਰਾਬ ਅਤੇ ਗਊ ਹੱਤਿਆ 'ਤੇ ਪਾਬੰਦੀ ਕੁਝ ਤਰੀਕਿਆਂ ਨਾਲ ਅਤੇ ਬਹੁਤ ਸਾਰੇ ਸੂਬਿਆਂ 'ਚ ਪਹਿਲਾਂ ਤੋਂ ਹੀ ਮੌਜੂਦ ਹੈ।

ਦੂਜਾ ਤੱਤ ਹੈ ਲੋਕਾਂ ਨੂੰ ਧਰਮ ਅਤੇ ਲਿੰਗ ਦੇ ਆਧਾਰ 'ਤੇ ਵੰਡਣਾ ਅਤੇ ਉਨ੍ਹਾਂ ਨੂੰ ਇਹ ਦੱਸਣਾ ਕਿ ਉਹ ਕੀ ਕਰ ਸਕਦੇ ਹਨ ਅਤੇ ਕੀ ਨਹੀਂ? ਇਹ ਧਰਮ-ਤੰਤਰੀ ਦੇਸ਼ ਦਾ ਡੂੰਘਾ ਪਹਿਲੂ ਹੈ, ਜਿਸ ਦੇ ਪ੍ਰਤੀ ਲੋਕਾਂ ਵਿੱਚ ਡਰ ਹੈ। ਹਿੰਦੂ ਰਾਸ਼ਟਰ ਦੀ ਸਮੱਸਿਆ ਇਹ ਹੈ ਕਿ ਇਸ ਕੋਲ ਕੋਈ ਅਜਿਹਾ ਵਿਸ਼ਾ ਨਹੀਂ ਹੈ, ਜਿਸ ਨੂੰ ਆਧੁਨਿਕ ਦੁਨੀਆ ਦੇ ਹਿਸਾਬ ਨਾਲ ਢਾਲਿਆ ਜਾ ਸਕੇ। ਸਮਾਜ ਅਤੇ ਦੇਸ਼ ਨੂੰ ਹਿੰਦੂਵਾਦੀ ਤਰੀਕੇ ਨਾਲ ਢਾਲਣ ਦਾ ਇੱਕ ਅਹਿਮ ਤੱਤ ਹੈ, ਉਸ ਨੂੰ ਜਾਤੀ ਆਧਾਰਤ ਬਣਾਉਣਾ। ਇਹ ਜ਼ਿਆਦਾਤਰ ਹਿੰਦੂਆਂ ਨੂੰ ਸਵੀਕਾਰ ਨਹੀਂ। ਉਤਰ ਤੋਂ ਲੈ ਕੇ ਦੱਖਣ ਭਾਰਤ ਦੀ ਰਾਜਨੀਤੀ 'ਚ ਜਿਹੇ ਸਿਆਸੀ ਫਿਰਕਿਆਂ ਦਾ ਜ਼ੋਰ ਹੈ, ਉਨ੍ਹਾਂ ਵਿੱਚ ਦਲਿਤ 1-1 ਕਿਸਾਨ ਪ੍ਰਮੁੱਖ ਹਨ, ਜਿਨ੍ਹਾਂ 'ਚ ਪਾਟੀਦਾਰ, ਵੋਕਾਲਿਗਾ, ਜਾਟ, ਯਚਾਦਵ, ਰੈਡੀ ਤੇ ਹੋਰ ਸ਼ਾਮਲ ਹਨ। ਜ਼ਿਆਦਾਤਰ ਮੰਤਰੀ ਅਤੇ ਮੁੱਖ ਮੰਤਰੀ ਇਨ੍ਹਾਂ ਹੀ ਜਾਤਾਂ 'ਚੋਂ ਹਨ। ਕਾਨੂੰਨ ਵਿੱਚ ਕੋਈ ਤਬਦੀਲੀ ਹੋਣ ਕਾਰਨ ਇਹ ਫਿਰਕੇ ਬ੍ਰਾਹਮਣਾਂ ਨੂੰ ਸਵੈ-ਇੱਛਾ ਨਾਲ ਆਪਣੀ ਸ਼ਕਤੀ ਨਹੀਂ ਦੇਣਗੇ। ਹਿੰਦੂ ਰਾਸ਼ਟਰ ਇਨ੍ਹਾਂ ਨੂੰ ਅਜਿਹੀ ਚੀਜ਼ ਨਹੀਂ ਦੇਵੇਗਾ, ਜੋ ਉਨ੍ਹਾਂ ਕੋਲ ਪਹਿਲਾਂ ਨਾ ਹੋਵੇ। ਇਸ ਤਰ੍ਹਾਂ ਦਲਿਤ ਅਤੇ ਆਦੀਵਾਸੀ, ਜੋ ਸਾਡੀ ਆਬਾਦੀ ਦਾ ਇੱਕ-ਚੌਥਾਈ ਹਿਸਾ ਹਨ, ਨੂੰ ਵੀ ਹਿੰਦੂ ਰਾਸ਼ਟਰ ਤੋਂ ਕੁਝ ਨਹੀਂ ਮਿਲੇਗਾ, ਇਸ ਲਈ ਉਹ ਇਸ ਨੂੰ ਨਹੀਂ ਚਾਹੁਣਗੇ। ਇੱਕ ਅਜਿਹੀ ਪ੍ਰਣਾਲੀ, ਜੋ ਹਿੰਦੂ ਧਰਮ ਨੂੰ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦੀ ਹੋਵੇ, ਉਸ ਨੂੰ ਜਾਤੀ 'ਤੇ ਆਧਾਰਤ ਹੋਣਾ ਪਵੇਗਾ ਅਤੇ ਇਹੀ ਇਸ ਦੇ ਰਸਤੇ ਵਿਚ ਅੜਚਨ ਹੈ।

2008 ਤੱਕ ਨੇਪਾਲ ਦੁਨੀਆ ਦਾ ਇੱਕੋ-ਇੱਕ ਹਿੰਦੂ ਦੇਸ਼ ਸੀ। 2008 ਵਿੱਚ ਇਥੇ ਗਣਤੰਤਰ ਦੀ ਸਥਾਪਨਾ ਦੇ ਨਾਲ ਹੀ ਛੇਤਰੀ (ਕਸ਼ੱਤਰੀ) ਵੰਸ਼ ਦਾ ਰਾਜ ਸਮਾਪਤ ਹੋ ਗਿਆ। ਨੇਪਾਲ ਹਿੰਦੂ ਰਾਸ਼ਟਰ ਕਿਉਂ ਸੀ? ਕਿਉਂਕਿ ਮਨੂੰ ਸਮਿਰਤੀ ਅਨੁਸਾਰ ਕਾਰਜ ਸ਼ਕਤੀ ਇੱਕ ਰਾਜੇ ਦੇ ਹੱਥ 'ਚ ਰਹਿੰਦੀ ਸੀ, ਪਰ ਨੇਪਾਲ ਉਸ ਹੱਦ ਤੱਕ ਹੀ 'ਹਿੰਦੂ ਰਾਸ਼ਟਰ' ਸੀ। ਹਿੰਦੂ ਧਾਰਮਿਕ ਕਿਤਾਬਾਂ ਤੋਂ ਕੁਝ ਜ਼ਿਆਦਾ ਲਾਗੂ ਨਹੀਂ ਕੀਤਾ ਜਾ ਸਕਿਆ, ਕਿਉਂਕਿ ਇਹ ਮਨੁੱਖੀ ਅਧਿਕਾਰਾਂ ਦੇ ਸੰਸਕਾਰ ਐਲਾਨ ਦੇ ਉਲਟ ਸੀ। ਇਸ ਲਈ ਹਿੰਦੂ ਰਾਸ਼ਟਰ ਬਣਾਉਣ ਲਈ ਸੰਵਿਧਾਨ ਵਿੱਚ ਕੀ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ? ਅਸੀਂ ਗੈਰ-ਹਿੰਦੂਆਂ ਨਾਲ ਵਿਤਕਰੇ ਕਰ ਸਕਦੇ ਹਾਂ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝੇ ਕਰ ਸਕਦੇ ਹਾਂ। ਇਸ ਵਿੱਚੋਂ ਕੁਝ ਅਸੀਂ ਪਹਿਲਾਂ ਹੀ ਕੀਤਾ ਹੋਇਆ ਹੈ। ਗੁਜਰਾਤ ਅਤੇ ਬਿਹਾਰ ਵਿੱਚ ਈਸਾਈ ਉਪ-ਸੰਸਕਾਰ ਦੇ ਲਈ ਵਾਈਨ ਨਹੀਂ ਪੀ ਸਕਦੇ ਅਤੇ ਭਾਰਤ ਦੇ ਜ਼ਿਆਦਾ ਹਿੱਸਿਆਂ ਵਿੱਚ ਮੁਸਲਮਾਨ ਗਾਂ ਦੀ ਬਲੀ ਨਹੀਂ ਦੇ ਸਕਦੇ। ਹੋਰ ਅਧਿਕਾਰ ਅਸੀਂ ਅਧਿਕਾਰਤ ਤੌਰ 'ਤੇ ਨਹੀਂ ਖੋਹੇ। ਇਥੇ ਮੁਸਲਮਾਨਾਂ ਦੇ ਪ੍ਰਧਾਨ ਮੰਤਰੀ ਬਣਨ 'ਤੇ ਪਾਬੰਦੀ ਨਹੀਂ ਹੈ, ਪਰ ਇਸ ਸਮੇਂ ਨੇੜ-ਭਵਿੱਖ 'ਚ ਇਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਰਾਜਨੀਤੀ ਵਿੱਚ 1947 ਤੋਂ ਬਾਅਦ ਮੁਸਲਮਾਨਾਂ ਦੀ ਪ੍ਰਤੀਨਿਧਤਾ ਸਭ ਤੋਂ ਘੱਟ ਹੈ ਅਤੇ ਭਾਰਤ 'ਚ ਇਹ ਮੁੱਦਾ ਵੀ ਨਹੀਂ ਹੈ।

ਹਿੰਦੂ ਰਾਸ਼ਟਰ ਦੇ ਤਹਿਤ ਅਸੀਂ ਹੋਰ ਅੱਗੇ ਜਾ ਕੇ ਅਧਿਕਾਰਤ ਤੌਰ 'ਤੇ ਈਸਾਈਆਂ ਅਤੇ ਮੁਸਲਮਾਨਾਂ ਤੋਂ ਕੁਝ ਸਿਆਸੀ ਅਧਿਕਾਰ ਖੋਹ ਸਕਦੇ ਹਾਂ, ਹਾਲਾਂਕਿ ਕਿਉਂਕਿ ਹਿੰਦੂ ਰਾਸ਼ਟਰ ਬਹੁ-ਗਿਣਤੀ ਹਿੰਦੂਆਂ ਦੇ ਅਧਿਕਾਰਾਂ 'ਤੇ ਵੀ ਪਾਬੰਦੀ ਲਾਉਂਦੀ ਹੈ, ਇਸ ਲਈ ਅਸੀਂ ਆਸਵੰਦ ਹੋ ਸਕਦੇ ਹਾਂ। ਭਾਜਪਾ ਜਾਂ ਹੋਰ ਕੋਈ ਤਾਕਤ ਹਿੰਦੂ ਰਾਸ਼ਟਰ ਨਹੀਂ ਬਣਾ ਸਕਦੀ। ਇਸ ਲਈ ਹਿੰਦੂ ਰਾਸ਼ਟਰ ਦੀ ਧਾਰਨਾ ਅਨਿਸ਼ਚਿਤ ਹੈ ਅਤੇ ਹਮੇਸ਼ਾ ਅਨਿਸ਼ਚਿਤ ਹੀ ਰਹੇਗੀ।

## ਕਹਾਣੀ

## ਵਸੀਅਤ

-ਲੇਖਕ ਰਾਜ ਬੁੱਧੀਰਾਜਾ-

"ਦਾਦੀ, ਵਸੀਅਤ ਕੀ ਹੁੰਦੀ ਹੈ?"

"ਚੱਲ ਪਰਾਂ! ਕਿਹੋ ਜਿਹੀਆਂ ਗੱਲਾਂ ਪੁੱਛਣ ਲੱਗਾ ਏਂ।" ਮਿੱਠੀ ਜਿਹੀ ਝਿੜਕ ਮਾਰਦੇ ਹੋਏ ਪਾਰੋ ਨੇ ਕਿਹਾ।

"ਮੈਂ ਕੀ? ਸਾਰੇ ਵਸੀਅਤ ਦੀ ਗੱਲ ਕਰਦੇ ਹਨ।"

ਇਹ ਬੱਚਾ ਵੀ ਵੱਡੀਆਂ ਵੱਡੀਆਂ ਗੱਲਾਂ ਕਰਨ ਲੱਗਾ ਹੈ, ਪਾਰੋ ਨੇ ਮਨ ਹੀ ਮਨ ਕਿਹਾ।

"ਸਾਰੇ ਕੌਣ?"

"ਮੰਮੀ-ਪਾਪਾ, ਚਾਚਾ, ਤਾਇਆ, ਤਾਈ।"

"ਕਿਸ ਦੀ ਵਸੀਅਤ ਦੀ ਗੱਲ ਕਰਦਾ ਹੈਂ ਤੂੰ?" ਪਾਰੋ ਨੇ ਬੱਚੇ ਦੀ ਪਿੱਠ ਥਾਪੜਦੇ ਹੋਏ ਤਹਿ ਤੱਕ ਜਾਨਣ ਦੀ ਕੋਸ਼ਿਸ਼ ਕੀਤੀ।

"ਤੁਹਾਡੀ ਹੋਰ ਕਿਸ ਦੀ? ਸਾਰੇ ਇਹੀ ਕਹਿੰਦੇ ਹਨ। ਦਾਦੀ ਮਾਂ ਨੂੰ ਵਸੀਅਤ ਕਰ ਲੈਣੀ ਚਾਹੀਦੀ ਹੈ। ਉਹ ਰਿਟਾਇਰ ਹੋ ਗਈ ਹੈ।"

"ਚੱਲ ਪਰਾਂ, ਪਾਗਲ ਕਿਸੇ ਥਾਂ ਦਾ।" ਖੇਡ ਖੇਡ ਵਿੱਚ ਬੱਚਾ ਜਿਵੇਂ ਆਇਆ ਸੀ, ਉਵੇਂ ਚਲਾ ਗਿਆ। ਤਾਂ ਸਾਰੇ ਜਣੇ ਇਹੀ ਖਿਚੜੀ ਪਕਾਉਂਦੇ ਹਨ। ਪਾਰੋ ਕੁਝ ਡੂੰਘੀ ਸੋਚ ਵਿੱਚ ਡੁੱਬ ਗਈ। ਅਜੇ ਉਸ ਦੀ ਰਿਟਾਇਰਮੈਂਟ ਨੂੰ ਕੁਝ ਮਹੀਨੇ ਹੋਏ ਸਨ। ਉਸ ਨੇ ਆਪਣੀ ਹਰ ਰੋਟੀ ਆਪਣੇ ਹੀ ਪਸੀਨੇ ਨਾਲ ਖਰੀਦੀ ਸੀ, ਇਸ ਲਈ ਪੈਸਾ-ਰੋਟੀ ਅਤੇ ਪਸੀਨੇ ਦੀ ਅਹਿਮੀਅਤ ਤੋਂ ਉਹ ਵਾਕਫ ਸੀ।

ਉਸ ਨੂੰ ਯਾਦ ਹੈ ਕਿ ਵਿਆਹ ਤੋਂ ਬਾਅਦ ਉਸ ਨੂੰ ਚੌਦਾਂ ਸਾਲ ਲੱਗ ਗਏ ਸਨ ਆਪਣਾ ਰਾਹ ਲੱਭਣ ਵਿੱਚ। ਪਹਿਲੀ ਵਾਰ ਜਦ ਉਸ ਨੂੰ ਤਨਖਾਹ ਮਿਲੀ ਤਾਂ ਉਹ ਖੁਸ਼ੀ ਨਾਲ ਫੁੱਲੀ ਨਹੀਂ ਸਮਾਈ ਸੀ। ਦੋ-ਦੋ ਰੁਪਏ ਆਪਣੇ ਬੱਚਿਆਂ ਨੂੰ ਦਿੱਤੇ ਅਤੇ ਦੋ ਰੁਪਏ ਦਾ ਪ੍ਰਸ਼ਾਦ ਮੰਦਰ ਵਿੱਚ ਚੜ੍ਹਾਇਆ। ਸੁਭਾਅ ਪੱਖੋਂ ਕੰਜੂਸ ਹੋਣ ਦੇ ਕਾਰਨ ਅੱਧੇ ਨਾਲੋਂ ਵੱਧ ਤਨਖਾਹ ਬਚ ਗਈ ਸੀ। ਉਸ ਨੂੰ ਯਾਦ ਹੈ ਕਿ ਆਪਣੇ ਘਰ ਆਉਣ ਵਾਲੇ ਹਰ ਮਹਿਮਾਨ ਦੀ ਉਹ ਆਓਭਗਤ ਕਰਦੀ ਅਤੇ ਸੌ ਰੁਪਏ ਦੇ ਕੇ ਵਿਦਾ ਕਰਦੀ। ਵਸੀਅਤ ਦੀ ਗੱਲ ਉਸ ਲਈ ਨਵੀਂ ਨਹੀਂ ਸੀ। ਵਾਰ ਵਾਰ ਉਸ ਦੇ ਸਾਹਮਣੇ ਕਿਹਾ ਜਾਂਦਾ ਸੀ। ਭਾਵੇਂ ਉਹ ਦੱਬੀ ਜ਼ੁਬਾਨ ਵਿੱਚ ਕਿਉਂ ਨਾ ਹੋਵੇ?

"ਮਾਂ ਤੁਹਾਨੂੰ ਪ੍ਰਾਵੀਡੈਂਟ ਫੰਡ ਦਾ ਪੂਰਾ ਪੈਸਾ ਮਿਲ ਗਿਆ ਨਾ।"

"ਪੈਨਸ਼ਨ ਦਾ ਵੀ ਹੋ ਗਿਆ।"

"ਸਭ ਕੁਝ ਕਰਵਾ ਲੈਣਾ ਚਾਹੀਦਾ ਹੈ। ਸਰਕਾਰੀ ਕੰਮ ਤਾਂ ਇੱਦਾਂ ਦੇ ਹੀ ਹੁੰਦੇ ਹਨ।"

"ਮਾਂ ਬਹੁਤ ਹੁਸ਼ਿਆਰ ਹੈ। ਸਭ ਕੁਝ ਪਹਿਲਾਂ ਹੀ ਕਰਵਾ ਲਿਆ ਹੋਵੇਗਾ।"

ਪਾਰੋ ਇਨ੍ਹਾਂ ਸਾਰਿਆਂ ਨੂੰ ਬਲਦੀਆਂ ਨਜ਼ਰਾਂ ਨਾਲ ਦੇਖਦੀ ਅਤੇ ਮੋਟਰ ਵਿੱਚ ਬੈਠ ਕੇ ਚਲੀ ਜਾਂਦੀ। ਸੱਚ ਇਹ ਹੈ ਕਿ ਉਸ ਦੇ ਪੈਸਿਆਂ 'ਤੇ ਸਾਰਿਆਂ ਦੀਆਂ ਨਜ਼ਰਾਂ ਸਨ। ਪਾਰੋ ਜਾਣਦੀ ਸੀ ਕਿ ਅੱਗੇ ਆਉਣ ਵਾਲੀਆਂ ਸੱਤ ਪੀੜ੍ਹੀਆਂ ਨਾ ਤਾਂ ਐਨਾ ਪੈਸਾ ਕਮਾ ਸਕਦੀਆਂ ਹਨ ਅਤੇ ਨਾ ਪ੍ਰਤਿਸ਼ਠਾ। ਲੂਲੇ-ਲੰਗੜੇ ਹਨ ਇਹ ਸਾਰੇ। ਖੁਦ ਕੁਝ ਕਰ ਨਹੀਂ ਸਕਦੇ ਅਤੇ ਦੂਜਿਆਂ ਦੀ ਦੌਲਤ 'ਤੇ ਨਜ਼ਰ ਰੱਖਦੇ ਹਨ। ਖੂਨ ਦੇ ਇਨ੍ਹਾਂ ਰਿਸ਼ਤਿਆਂ ਨਾਲ ਪਾਰੋ ਨੂੰ ਨਫਰਤ ਹੋ ਗਈ ਸੀ। ਵਸੀਅਤ ਨਾ ਹੋਈ ਅਲਾਦੀਨ ਦਾ ਚਿਰਾਗ ਹੋ ਗਈ। ਹਿੰਮਤ ਹੈ ਤਾਂ ਬਚਾਓ ਨਾ। 'ਖੁੱਲ੍ਹ ਜਾ ਸਿਮਸਿਮ' ਕਹਿਣ ਨਾਲ ਕੰਮ ਨਹੀਂ ਚੱਲੇਗਾ। ਪਾਰੋ ਵਿੱਚ-ਵਿੱਚ ਡਾਂਟ ਫਿਟਕਾਰ ਲਾਉਂਦੀ ਰਹਿੰਦੀ। ਪਤਾ ਨਹੀਂ ਕਿਉਂ ਇਨ੍ਹਾਂ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਘਰ ਕਰਦੀ ਜਾ ਰਹੀ ਹੈ। ਇਨ੍ਹਾਂ ਨੂੰ ਡਰ ਹੈ ਕਿ ਮਾਂ ਆਪਣਾ ਖੂਬਸੂਰਤ ਘਰ ਕਿਸੇ ਅਜਾਇਬ ਘਰ ਵਿੱਚ ਬਦਲ ਦੇਵੇ। ਆਪਣਾ ਪੈਸਾ ਆਪਣੇ ਚੇਲਿਆਂ ਨੂੰ ਨਾ ਦੇ ਦੇਵੇ। ਜਦ ਇਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦਾ ਅਸਰ ਪਾਰੋ 'ਤੇ ਰੱਤੀ ਭਰ ਨਹੀਂ ਹੈ ਤਾਂ ਉਨ੍ਹਾਂ ਨੇ ਉਨ੍ਹਾਂ ਦੇ ਦੋਸਤਾਂ ਕੋਲੋਂ ਕਹਾਉਣਾ ਸ਼ੁਰੂ ਕਰ ਦਿੱਤਾ।

"ਪਾਰੋ ਤੂੰ ਆਪਣੀ ਵਸੀਅਤ ਕਿਉਂ ਨਹੀਂ ਕਰ ਦਿੰਦੀ? ਜ਼ਿੰਦਗੀ ਦਾ ਕੀ ਭਰੋਸਾ? ਪਤਾ ਨਹੀਂ ਪ੍ਰਾਣ-ਪੰਖੇਰੂ ਕਦ ਉਡ ਜਾਣ?" ਇੱਕ ਦੋਸਤ ਨੇ ਕਿਹਾ।

"ਤੁਸੀਂ ਆਪਣਾ ਰਾਹ ਨਾਪੋ। ਮੈਨੂੰ ਆਪਣੀ ਜ਼ਿੰਦਗੀ ਉੱਤੇ ਪੂਰਾ ਭਰੋਸਾ ਹੈ ਕਿਉਂਕਿ ਮੈਂ ਆਪਣੀ ਜ਼ਿੰਦਗੀ ਨੂੰ ਮਾਂਜਿਆ-ਚਮਕਾਇਆ ਤੇ ਸਜਾਇਆ-ਸੰਵਾਰਿਆ ਹੈ। ਭਰੋਸਾ ਨਹੀਂ ਹੈ ਤਾਂ ਇਨ੍ਹਾਂ ਗਿਰਝਾਂ ਦਾ। ਇਹ ਤਾਂ ਮੈਨੂੰ ਨੋਚ-ਨੋਚ ਕੇ ਖਾ ਲੈਣਗੇ। ਪਤਾ ਨਹੀਂ ਕਿੰਨੀ ਵਾਰ ਇਨ੍ਹਾਂ ਨੇ ਮੇਰੇ ਕੋਲੋਂ ਲੱਖਾਂ ਰੁਪਏ ਠੱਗੇ ਹਨ। ਇਹ ਕਹਿ ਕੇ ਅਸੀਂ ਜਲਦੀ ਮੋੜ ਦਿਆਂਗੇ, ਪਰ ਉਹ ਦਿਨ ਅੱਜ ਤੱਕ ਨਹੀਂ ਆਇਆ ਅਤੇ ਹਾਂ ਜਿੱਥੋਂ ਤੱਕ ਪ੍ਰਾਣ ਪੰਖੇਰੂਆਂ ਦੇ ਉਡਣ ਦਾ ਪ੍ਰਸ਼ਨ ਹੈ, ਉਹ ਇਸ ਦਸ ਬੂਹਿਆਂ ਦੇ ਪਿੰਜਰੇ ਨੂੰ ਛੱਡ ਕੇ ਕਦੀ ਨਹੀਂ ਉਡੇਗਾ। ਉਸ ਦਾ ਵੀ ਕਿਸੇ ਸੁੰਦਰ ਤਨ ਅਤੇ ਮਨ ਨਾਲ ਲਗਾਓ ਹੋ ਗਿਆ ਹੈ। ਜਹਾਜ਼ 'ਤੇ ਬੈਠੇ ਪੰਛੀ ਦੀ ਤਰ੍ਹਾਂ ਮੇਰੀ ਆਤਮਾ ਇਥੇ ਵਸੀ ਰਹੇਗੀ। ਹਮੇਸ਼ਾ ਦੇ ਲਈ।" ਉਸ ਮਿੱਤਰ ਨੂੰ ਪਤਾ ਨਹੀਂ ਸੀ ਕਿ ਪਾਰੋ ਸੁਫਨਿਆਂ ਦੇ ਸੰਸਾਰ ਵਿੱਚ ਡੁੱਬੀ ਰਹਿੰਦੀ ਹੈ। ਵੱਡੇ ਵੱਡੇ ਸਾਧੂ ਸੰਤਾਂ ਨੂੰ ਉਸ ਨੇ ਡਿੱਗਦਿਆਂ ਹੋਇਆਂ ਦੇਖਿਆ ਸੀ। ਪਾਰੋ ਹੈ ਕਿ ਪੱਥਰ ਦੀ ਤਰ੍ਹਾਂ ਉਸ ਦੇ ਸਾਹਮਣੇ ਖੜ੍ਹੀ ਹੈ। ਸਿਰਫ ਉਸ ਨੇ ਭਗਵਾ ਨਹੀਂ ਪਹਿਨਿਆ ਸੀ।"

ਗੱਲ ਇਥੇ ਤੱਕ ਰਹਿੰਦੀ ਤਾਂ ਗੱਲ ਵੀ ਸੀ। ਪਾਰੋ ਦੀ ਬਿਮਾਰੀ 'ਤੇ ਕਿਸੇ ਦੇ ਪੰਜ ਸੌ ਖਰਚ ਹੋ ਗਏ ਤਾਂ ਘਰ ਵਿੱਚ ਤੂਫਾਨ ਆ ਗਿਆ।

"ਮੈਂ ਤੁਹਾਨੂੰ ਕਿਹਾ ਸੀ ਨਾ ਮਾਂ ਕਿ ਤੂੰ ਆਪਣੀ ਬਿਮਾਰੀ ਦਾ ਬੀਮਾ ਕਰਵਾ ਲੈ, ਪਰ ਤੂੰ ਹੈਂ ਕਿ ਸੁਣਦੀ ਹੀ ਨਹੀਂ।" ਇੱਕ ਆਵਾਜ਼ ਆਈ।

"ਪਤਾ ਹੈ ਇਲਾਜ ਵਿੱਚ ਕਿੰਨਾ ਮਹਿੰਗਾ ਹੋ ਗਿਆ ਹੈ। ਲੱਖਾਂ ਰੁਪਏ ਖਰਚ ਹੋ ਜਾਂਦੇ ਹਨ।" ਪਾਰੋ ਨੇ ਅੱਗਾ ਦੇਖਿਆ ਨਾ ਪਿੱਛਾ, ਉਸ ਨੇ ਆਪਣੇ ਪਰਸ 'ਚੋਂ ਇੱਕ ਪੰਜ ਸੌ ਦਾ ਅਤੇ ਇੱਕ ਵੀਹ ਦਾ ਨੋਟ ਕੱਢਿਆ ਅਤੇ ਉਨ੍ਹਾਂ ਵੱਲ ਵਧਾਉਂਦੀ ਹੋਈ ਬੋਲੀ, "ਐ ਲਵੋ ਪੰਜ ਸੌ ਰੁਪਏ ਅਤੇ ਇਹ ਲਵੋ ਵੀਹ ਰੁਪਏ, ਉਸ ਦਾ ਵਿਆਜ। ਤੁਸਾਂ ਲੋਕਾਂ ਨੂੰ ਯਾਦ ਹੈ ਕਿ ਤੁਸੀਂ ਜੰਮਣ ਬਾਅਦ ਲੁੰਜ-ਪੁੰਜ ਜਿਹੇ ਬਿਸਤਰੇ 'ਤੇ ਪਏ ਰਹਿੰਦੇ ਸੀ। ਕਈ ਵਾਰ ਮੈਂ ਆਪਣੇ ਢਿੱਡ 'ਤੇ ਪੱਟੀ ਬੰਨ੍ਹ ਕੇ ਤੁਹਾਡੀ ਸੇਵਾ ਕੀਤੀ। ਖਬਰਦਾਰ ਜੇ ਤੁਸੀਂ ਮੇਰੀ ਬਿਮਾਰੀ ਦੇ ਬੀਮਾ ਦੀ ਗੱਲ ਕੀਤੀ"। ਪਾਰੋ ਮੋਟਰ ਵਿੱਚ ਬੈਠ ਕੇ ਚਲੀ ਗਈ ਸੀ। ਉਸ ਦੇ ਮਨ ਵਿੱਚ ਪਤਾ ਨਹੀਂ ਕੀ ਤੂਫਾਨ ਉਠ ਰਿਹਾ ਸੀ ਕੋਈ ਨਹੀਂ ਜਾਣਦਾ। ਉਸ ਨੇ ਜ਼ਿੰਦਗੀ ਵਿੱਚ ਬਹੁਤ ਵੱਡੇ ਵੱਡੇ ਫੈਸਲੇ ਇਕੱਲੀ ਨੇ ਲਏ ਸਨ। ਇਸ ਵਾਰ ਵੀ ਫੈਸਲਾ ਲੈਂਦੇ ਸਮੇਂ ਉਸ ਨੇ ਲੋਹ-ਪੁਰਸ਼ ਦਾ ਰੂਪ ਧਾਰਨ ਕਰ ਲਿਆ ਸੀ।

ਇੱਕ ਦਿਨ ਸਵੇਰੇ ਤਿੰਨ ਚਾਰ ਮੋਟਰਾਂ ਵਿੱਚ ਕੁਝ ਲੋਕ ਆਏ ਤੇ ਪਾਰੋ ਉਨ੍ਹਾਂ ਦੇ ਘਰ ਦੀ ਇੱਕ ਇੱਕ ਚੀਜ਼ ਦੱਸਣ ਲੱਗੀ। ਵਿਦੇਸ਼ੀ ਦੋਸਤਾਂ ਵੱਲੋਂ ਮਿਲੇ ਬਹੁਕੀਮਤੀ ਤੋਹਫੇ, ਕਿਤਾਬਾਂ ਵਿਰਾਸਤੀ ਚਿੱਤਰ ਸਭ ਕੁਝ ਉਹਦੇ ਵਿੱਚ ਸ਼ਾਮਲ ਸੀ। ਉਹ ਇੱਕ ਅਧਿਕਾਰੀ ਨੂੰ ਸਮਝਾਉਣ ਲੱਗੀ ਸੀ, "ਇਹ ਅਜਾਇਬ ਘਰ ਇੱਕ ਮਹੀਨੇ ਵਿੱਚ ਤਿਆਰ ਹੋ ਜਾਣਾ ਚਾਹੀਦਾ ਹੈ, ਮੈਂ ਮਹੀਨੇ ਬਾਅਦ ਪਰਤਾਂਗੀ।"

"ਕਿੱਥੇ ਜਾ ਰਹੀ ਏਂ ਮਾਂ?" ਸਾਰਿਆਂ ਨੇ ਇੱਕਜੁਠ ਹੋ ਕੇ ਪੁੱਛਿਆ।

"ਮੈਂ ਕਿਤੇ ਨਹੀਂ ਜਾ ਰਹੀ। ਜਾ ਤੁਸੀਂ ਲੋਕ ਰਹੇ ਹੋ। ਤੁਹਾਡੇ ਲਈ ਮੈਂ ਮਕਾਨ ਕਿਰਾਏ 'ਤੇ ਦੇਖ ਲਿਆ ਹੈ।" ਅਤੇ ਪਾਰੋ ਨੇ ਟੈਂਪੂ ਵਿੱਚ ਬੈਠੇ ਡਰਾਈਵਰ ਨੂੰ ਅਤੇ ਦੋ ਆਦਮੀਆਂ ਨੂੰ ਅੰਦਰ ਬੁਲਾ ਕੇ ਕਿਹਾ, "ਇਹ ਸਾਰਾ ਸਾਮਾਨ ਨਵੇਂ ਘਰ ਵਿੱਚ ਪਹੁੰਚਾ ਦਿਓ।" ਪਾਰੋ ਨੇ ਆਪਣੇ ਪੋਤੇ ਨੂੰ ਬੁਲਾ ਕੇ ਕਿਹਾ, "ਬੇਟੇ ਵਸੀਅਤ ਇਹ ਹੁੰਦੀ ਹੈ।" ਤੇ ਮੋਟਰ ਵਿੱਚ ਬੈਠ ਕੇ ਚਲੀ ਗਈ।








Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Squire Ellis Dr / Countryside Dr / DENTISTRY


# ਐਕਟਿੰਗ ਅਤੇ ਸਿੰਗਿੰਗ ਲਈ ਹੀ ਬਣੀ ਹਾਂ : ਤਾਰਾ ਸੁਤਾਰੀਆ



ਤਾਰਾ ਸੁਤਾਰੀਆ ਦੀ ਡੈਬਿਊ ਫਿਲਮ 'ਸਟੂਡੈਂਟ ਆਫ ਦਿ ਈਅਰ 2' ਬੇਸ਼ੱਕ ਬਾਕਸ ਆਫਿਸ ਉੱਤੇ ਕੋਈ ਵੱਡਾ ਧਮਾਕਾ ਕਰਨ ਵਿੱਚ ਨਾਕਾਮ ਰਹੀ ਹੋਵੇ, ਪਰ ਉਸ 'ਚ ਨਿਰਮਾਤਾ, ਨਿਰਦੇਸ਼ਕਾਂ ਦੀ ਰੁਚੀ ਲਗਾਤਾਰ ਵਧ ਰਹੀ ਹੈ। ਉਂਝ ਡੈਬਿਊ ਦੇ ਇੰਨੇ ਘੱਟ ਸਮੇਂ ਵਿੱਚ ਉਹ ਦੋ ਹੋਰ ਫਿਲਮਾਂ ਸਾਈਨ ਕਰ ਚੁੱਕੀ ਹੈ। ਉਸ ਦੀ ਅਗਲੀ ਫਿਲਮ ਹੋਵੇਗੀ 'ਮਰ ਜਾਵਾਂ' ਤੇ ਫਿਰ ਉਸ ਨੂੰ ਤੇਲਗੂ ਐਕਸ਼ਨ ਫਿਲਮ 'ਆਰ ਐਕਸ 100' ਦੇ ਹਿੰਦੀ ਰੀਮੇਕ ਲਈ ਵੀ ਸਾਈਨ ਕੀਤਾ ਗਿਆ ਹੈ, ਜਿਸ ਵਿੱਚ ਸੁਨੀਲ ਸ਼ੈੱਟੀ ਦਾ ਬੇਟਾ ਅਹਾਨ ਸ਼ੈਟੀ ਡੈਬਿਊ ਕਰਨ ਵਾਲਾ ਹੈ। ਇਸ ਫਿਲਮ ਲਈ ਉਹ ਤਿਆਰੀ ਕਰਨ ਲਈ ਕਮਰ ਕੱਸ ਰਹੀ ਹੈ, ਜਿਸ ਲਈ ਡਾਇਰੈਕਟਰ ਮਿਲਨ ਲੂਥਰੀਆ ਤੇ ਇੱਕ ਲੈਂਗਵੇਜ ਟ੍ਰੇਨਰ ਨਾਲ ਉਹ ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲੀ ਹੈ। ਉਸ ਨੂੰ ਹਿੰਦੀ ਆਉਂਦੀ ਹੈ, ਪਰ ਇਸ ਫਿਲਮ ਲਈ ਉਸ ਨੂੰ ਹਿੰਦੀ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰਨੀ ਪਏਗੀ। ਇਸ ਲਈ ਲੈਂਗਵੇਜ ਟ੍ਰੇਨਰ ਉਸ ਦੀ ਹਿੰਦੀ ਦੀ ਕਲਾਸ ਲਵੇਗਾ।

ਇਹ ਵਰਕਸ਼ਾਪ ਫਿਲਮ ਦੇ ਨਿਰਮਾਤਾ ਸਾਜਿਦ ਨਾਡਿਆਡਵਾਲਾ ਦੇ ਮੁੰਬਈ ਸਥਿਤ ਦਫਤਰ ਵਿੱਚ ਹੋਵੇਗੀ। ਇੱਕ ਸੂਤਰ ਮੁਤਾਬਕ ਇਸ ਫਿਲਮ ਵਿੱਚ ਉਹ ਆਪਣੀਆਂ ਪਹਿਲੀਆਂ ਫਿਲਮਾਂ ਤੋਂ ਵੱਖਰੇ ਛੋਟੇ ਸ਼ਹਿਰ ਦੀ ਲੜਕੀ ਦੀ ਭੂਮਿਕਾ ਵਿੱਚ ਨਜ਼ਰ ਆਵੇਗੀ। ਇਹੀ ਵਜ੍ਹਾ ਹੈ ਕਿ ਇਸ ਫਿਲਮ ਲਈ ਉਸ ਨੂੰ ਆਪਣੀ ਹਿੰਦੀ ਵਿੱਚ ਹੋਰ ਸੁਧਾਰ ਕਰਨ ਨੂੰ ਕਿਹਾ ਗਿਆ ਹੈ। ਫਿਲਮ ਦੀ ਤਿਆਰੀ ਦੇ ਸਿਲਸਿਲੇ ਵਿੱਚ ਦੂਜੀ ਵਰਕਸ਼ਾਪ ਵਿੱਚ ਉਹ ਫਿਲਮ ਦੀ ਹੀਰੋ ਆਹਾਨ ਨਾਲ ਹਿੱਸਾ ਲਵੇਗੀ ਅਤੇ ਉਹ ਇੱਕ ਦੂਜੇ ਨੂੰ ਜਾਨਣਗੇ। ਦੱਸਿਆ ਜਾ ਰਿਹਾ ਹੈ ਕਿ ਇਸ ਫਿਲਮ ਵਿੱਚ ਆਹਾਨ ਜ਼ਬਰਦਸਤ ਐਕਸ਼ਨ ਕਰਦਾ ਦਿਖਾਈ ਦੇਵੇਗਾ, ਜਿਸ ਲਈ ਉਹ ਸਪੈਸ਼ਲ ਟਰੇਨਿੰਗ ਲੈ ਰਿਹਾ ਹੈ। ਫਿਲਮ ਦੀ ਸ਼ੂਟਿੰਗ ਜੁਲਾਈ ਵਿੱਚ ਸ਼ੁਰੂ ਕਰ ਦਿੱਤੀ ਜਾਵੇਗੀ, ਜਿਸ ਦਾ ਕੁਝ ਹਿੱਸਾ ਉਤਰਾਖੰਡ ਦੇ ਖੂਬਸੂਰਤ ਹਿੱਲ ਸਟੇਸ਼ਨ ਮਸੂਰੀ ਵਿੱਚ ਸ਼ੂਟ ਕੀਤਾ ਜਾਏਗਾ। ਤਾਰਾ ਚੰਗੀ ਗਾਇਕਾ ਹੈ ਤੇ ਹੋ ਸਕਦਾ ਹੈ ਕਿ ਇਸ ਫਿਲਮ ਵਿੱਚ ਉਹ ਸਿੰਗਿੰਗ 'ਚ ਵੀ ਡੈਬਿਊ ਕਰੇ। ਜ਼ਿਕਰ ਯੋਗ ਹੈ ਕਿ ਤਾਰਾ ਨੇ ਆਪਣੀ ਜੁੜਵਾ ਭੈਅ ਤੀਆ ਨਾਲ ਪੰਜ ਸਾਲ ਦੀ ਉਮਰ ਵਿੱਚ ਡਾਂਸ ਅਤੇ ਸਿੰਗਿੰਗ ਦੀ ਟਰੇਨਿੰਗ ਲਈ ਹੈ।


ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ
PEARSON KITCHEN CABINET
Special Discount for Contractors | Buy Direct From The Factory
Free Estimate
We Specialize in granite, quartz & marble countertops
100% Satisfaction On Time
ਵਾਜਿਬ ਦਾਮ ਤੇ ਸਮੇਂ ਸਿਰ ਕੰਮ
KITCHEN CABINET
WASHROOM
- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation
Vikramjit Sangha: 416-200-0931
271 - Glidden Rd. Unit#5, Brampton (Kennedy&Glidden)



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

| FOR SALE | FOR SALE | FOR SALE | FOR SALE |
|---|---|---|---|
| Photo Not Available | | | |
| $129,900 | $969,900 | $799,900 | $3,249,000 |
| Darcel/Brandon Gate | Sandalwood/ Sunny Meadow | Chinguacousy/Sandalwood | Niagara Falls Ontario |
| ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ। | 5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ। | 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ। | ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ। |



ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ........... 905-495-3336
2. 80 Pertosa Drive Brampton ON L5X-5E9 ........... 905-460-0009
3. 2120 North park drive Brampton ON L6S 0C9 ........... 905-793-1338
4. 284 Orenda Road #13 Brampton ON L6T 5S3 ........... 905-450-9167
5. 10 Westmore Drive Etobicoke ON M9V-3Z7 ........... 416-740-3262
6. 1075 Ceremonial Drive Mississauga ON L5R-2Z4........... 905-502-1600
7. 308 Eddystone Ave North York ON M3N-1H7 ........... 416-740-3360
8. 10510 Torbram Road, Brampton ........... 905-790-0030
9. 10 Pannahill Dr, Brampton ........... 905 913-8017
10. 21 Lacoste Blvd, Brampton, ON L6P 2K2 ........... 905 794-8109



